ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2582 | 11 September, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


## ਭਾਰਤ ਨੇ ਬੰਗਲਾਦੇਸ਼ ਨੂੰ ਹਰਾ ਕੇ ਕੀਤਾ ਫਾਈਨਲ ਵਿੱਚ ਪ੍ਰਵੇਸ਼
## ਦੀਪਤੀ ਸ਼ਰਮਾ ਨੇ ਲਈਆਂ 3 ਵਿਕਟਾਂ: ਸ਼ੈਫਾਲੀ ਵਰਮਾ ਨੇ ਖੇਡੀ ਸ਼ਾਨਦਾਰ ਪਾਰੀ

**ਦੁਬਈ ਸਾਂਝੀ ਸੋਚ ਬਿਊਰੋ**

ਮਹਿਲਾ ਟੀ-20 ਏਸ਼ੀਆ ਕੱਪ ਦਾ ਪਹਿਲਾ ਸੈਮੀਫਾਈਨਲ ਅੱਜ ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਦੁਬਈ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਵਿਖੇ ਖੇਡਿਆ ਗਿਆ, ਜਿੱਥੇ ਭਾਰਤ ਨੇ ਬੰਗਲਾਦੇਸ਼ ਨੂੰ 40 ਦੌੜਾਂ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਇਸ ਜਿੱਤ ਦੇ ਨਾਲ ਹੀ ਟੀਮ ਇੰਡੀਆ ਮਹਿਲਾ ਟੀ-20 ਏਸ਼ੀਆ ਕੱਪ ਦੇ ਫਾਈਨਲ ਵਿੱਚ ਪਹੁੰਚ ਗਈ ਹੈ। ਅੱਜ ਖੇਡੇ ਗਏ ਟੀ-20 ਏਸ਼ੀਆ ਕੱਪ ਦੇ ਪਹਿਲੇ ਸੈਮੀਫਾਈਨਲ ਮੁਕਾਬਲੇ ਵਿੱਚ ਬੰਗਲਾਦੇਸ਼ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ , ਜਿਸ ਤੋਂ ਬਾਅਦ ਭਾਰਤ ਨੇ ਬੰਗਲਾਦੇਸ਼ ਸਾਹਮਣੇ 150 ਦੌੜਾਂ ਦਾ ਟੀਚਾ ਰੱਖਿਆ ਸੀ।

ਦੁਬਈ ਵਿੱਚ ਖੇਡਦਿਆਂ ਭਾਰਤ ਨੇ 20 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 149 ਦੌੜਾਂ ਬਣਾਈਆਂ ਸਨ। ਜਵਾਬ ਵਿੱਚ ਬੰਗਲਾਦੇਸ਼ ਦੀ ਟੀਮ 7 ਵਿਕਟਾਂ ਗੁਆ ਕੇ 109 ਦੌੜਾਂ ਹੀ ਬਣਾ ਸਕੀ। ਭਾਰਤ ਲਈ ਸ਼ੈਫਾਲੀ ਵਰਮਾ ਨੇ 40 ਗੇਂਦਾਂ 64 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਕਪਤਾਨ ਹਰਮਨਪ੍ਰੀਤ ਕੌਰ 24 ਦੌੜਾਂ



'ਤੇ ਨਾਬਾਦ ਰਹੀ। ਵਿਕਟਕੀਪਰ ਰਿਚਾ ਘੋਸ਼ ਨੇ 21 ਦੌੜਾਂ ਬਣਾਈਆਂ, ਜਦਕਿ ਸਮ੍ਰਿਤੀ ਮੰਧਾਨਾ ਸਿਰਫ਼ 2 ਦੌੜਾਂ ਹੀ ਬਣਾ ਸਕੀ। ਦੱਸ ਦਈਏ ਕਿ ਭਾਰਤ ਨੇ ਇਸ ਟੂਰਨਾਮੈਂਟ ਵਿੱਚ ਹੁਣ ਤੱਕ ਇੱਕ ਵੀ ਮੈਚ ਨਹੀਂ ਹਾਰਿਆ ਹੈ। ਬੰਗਲਾਦੇਸ਼ ਨੇ ਯੂਏਈ ਨੂੰ 34 ਦੌੜਾਂ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ ਸੀ।

## ਇਮੀਗ੍ਰੇਸ਼ਨ ਅਰਜ਼ੀਆਂ ਦੇ ਨਾਂ 'ਤੇ ਧੋਖਾਧੜੀ ਦੇ ਦੋਸ਼ਾਂ ਹੇਠ ਹਿਊਸਟਨ ਦੀ ਵਕੀਲ ਗ੍ਰਿਫ਼ਤਾਰ

**ਹਿਊਸਟਨ ਸਾਂਝੀ ਸੋਚ ਬਿਊਰੋ**


ਟੈਕਸਾਸ ਦੇ ਹਿਊਸਟਨ ਸ਼ਹਿਰ ਦੀ 44 ਸਾਲਾ ਇਮੀਗ੍ਰੇਸ਼ਨ ਵਕੀਲ ਅਲਾ ਨੋਵੋਵੀਏਸਕੀ ਨੂੰ ਕਥਿਤ ਧੋਖਾਧੜੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਅਮਰੀਕੀ ਨਿਆਂ ਵਿਭਾਗ ਅਨੁਸਾਰ ਉਸ ਵਿਰੁੱਧ ਡਾਕ ਰਾਹੀਂ ਧੋਖਾਧੜੀ ਕਰਨ ਅਤੇ ਸੰਘੀ ਅਧਿਕਾਰੀਆਂ ਸਾਹਮਣੇ ਝੂਠੇ ਬਿਆਨ ਦੇਣ ਦੇ ਦੋਸ਼ ਲਗਾਏ ਗਏ ਹਨ। ਗ੍ਰਿਫ਼ਤਾਰੀ ਤੋਂ ਬਾਅਦ ਉਸਨੂੰ ਅਮਰੀਕੀ ਮੈਜਿਸਟ੍ਰੇਟ ਜੱਜ ਰਿਚਰਡ ਬੈਨੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵਿਚ ਦਾਖ਼ਲ ਦੋਸ਼-ਪੱਤਰ ਮੁਤਾਬਕ ਨੋਵੋਵੀਏਸਕੀ ਨੇ ਕਥਿਤ ਤੌਰ 'ਤੇ ਕਈ ਮੁਵੱਕਲਾਂ ਤੋਂ ਉਨ੍ਹਾਂ ਦਾ ਰੁਜ਼ਗਾਰ ਦਰਜਾ ਸਥਾਪਤ ਜਾਂ ਤਬਦੀਲ ਕਰਵਾਉਣ ਅਤੇ ਕੰਮਕਾਜੀ ਵੀਜ਼ਿਆਂ ਲਈ ਅਰਜ਼ੀਆਂ ਦਾਖ਼ਲ ਕਰਨ ਦੇ ਨਾਂ ਉੱਤੇ ਪੈਸੇ ਲਏ। ਦੋਸ਼ ਹੈ ਕਿ ਰਕਮ ਲੈਣ ਦੇ ਬਾਵਜੂਦ ਉਸਨੇ ਕੁਝ ਅਰਜ਼ੀਆਂ ਜਮ੍ਹਾਂ ਹੀ ਨਹੀਂ ਕਰਵਾਈਆਂ, ਜਦਕਿ ਕੁਝ ਅਰਜ਼ੀਆਂ ਸਿਰਫ਼ ਅਧੂਰੀਆਂ ਦਾਖ਼ਲ ਕੀਤੀਆਂ ਗਈਆਂ।

ਦੋਸ਼-ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਵਕੀਲ ਨੇ ਆਪਣੇ ਮੁਵੱਕਲਾਂ ਨੂੰ ਕਥਿਤ ਤੌਰ 'ਤੇ ਜਾਅਲੀ ਦਸਤਾਵੇਜ਼ ਜਾਂ ਅਜਿਹੇ ਹਵਾਲਾ ਨੰਬਰ ਦਿੱਤੇ, ਜਿਹੜੇ ਉਨ੍ਹਾਂ ਦੀ ਬਜਾਏ ਹੋਰਨਾਂ ਸਰਗਰਮ ਇਮੀਗ੍ਰੇਸ਼ਨ ਮਾਮਲਿਆਂ ਨਾਲ ਸਬੰਧਤ ਸਨ। ਇਨ੍ਹਾਂ ਦਸਤਾਵੇਜ਼ਾਂ ਅਤੇ ਨੰਬਰਾਂ ਰਾਹੀਂ ਮੁਵੱਕਲਾਂ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਇਮੀਗ੍ਰੇਸ਼ਨ ਅਧਿਕਾਰੀ ਉਨ੍ਹਾਂ ਦੀਆਂ ਅਰਜ਼ੀਆਂ ਉੱਤੇ ਕਾਰਵਾਈ ਕਰ ਰਹੇ ਹਨ। ਜੇਕਰ ਨੋਵੋਵੀਏਸਕੀ ਦੋਸ਼ੀ ਕਰਾਰ ਦਿੱਤੀ ਜਾਂਦੀ ਹੈ, ਤਾਂ ਉਸਨੂੰ ਵੱਧ ਤੋਂ ਵੱਧ 20 ਸਾਲ ਸੰਘੀ ਜੇਲ੍ਹ ਅਤੇ ਢਾਈ ਲੱਖ ਡਾਲਰ ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹਾਲਾਂਕਿ ਦੋਸ਼-ਪੱਤਰ ਵਿਚ ਲਗਾਏ ਗਏ ਦੋਸ਼ ਅਜੇ ਸਿਰਫ਼ ਇਲਜ਼ਾਮ ਹਨ ਅਤੇ ਅਦਾਲਤ ਵਿਚ ਦੋਸ਼ ਸਾਬਤ ਹੋਣ ਤੱਕ ਉਸਨੂੰ ਬੇਕਸੂਰ ਮੰਨਿਆ ਜਾਵੇਗਾ।

ਇਸ ਮਾਮਲੇ ਦੀ ਜਾਂਚ ਹੋਮਲੈਂਡ ਸਕਿਓਰਿਟੀ ਵਿਭਾਗ ਦੇ ਇੰਸਪੈਕਟਰ ਜਨਰਲ ਦਫ਼ਤਰ ਅਤੇ ਅਮਰੀਕੀ ਡਾਕ ਸੇਵਾ ਦੇ ਇੰਸਪੈਕਟਰ ਜਨਰਲ ਦਫ਼ਤਰ ਨੇ ਕੀਤੀ। ਜਾਂਚ ਵਿਚ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਅਤੇ ਹੈਰਿਸ ਕਾਊਂਟੀ ਕਾਂਸਟੇਬਲ ਦਫ਼ਤਰ ਨੇ ਵੀ ਸਹਿਯੋਗ ਦਿੱਤਾ। ਸਹਾਇਕ ਅਮਰੀਕੀ ਅਟਾਰਨੀ ਥਾਮਸ ਕਾਰਟਰ ਵੱਲੋਂ ਇਸ ਮਾਮਲੇ ਦੀ ਪੈਰਵੀ ਕੀਤੀ ਜਾ ਰਹੀ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont: 44790 S. GRIMMER BLVD #204, FREMONT, CA 94538
Phone: 510-657-6444, Fax: 510-657-6443
Fresno: 4491 W. Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS





Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



# LENDINGASSETS

Elevating Your Mortgage Experience

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ


ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

EQUAL HOUSING OPPORTUNITY

**Refinance @2.75% APR or lower**



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER




BNG
(Business Network Gateway)



We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English




POSTERS DESIGN
We design flyers, Posters and Post Cards to promote your business



BUSINESS CARD DESIGN
WE DESIGN YOUR BUSINESS CARD



SOCIAL MEDIA HANDLERS
We can manage your Business social media handlers Facebook, instagram & YouTube



24/7 TECH SUPPORT
We provide 24/7 tech support



For more information call
Boota Singh Basi +1 (209) 303-1260

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# 'ਪਿਆਜ਼ ਕੇ ਛਿਲਕੇ' ਵਾਲਾ ਫ਼ਿਕਰ ਤੌਂਸਵੀ

ਫ਼ਿਕਰ ਤੌਂਸਵੀ ਨੂੰ ਹੁਣ ਸਿਰਫ ਪੁਰਾਣੇ ਲੋਕ ਹੀ ਜਾਣਦੇ ਹੋਣਗੇ। ਇਸ ਆਦਮੀ ਨੇ ਲੱਗਭੱਗ ਅੱਧੀ ਸਦੀ ਤੱਕ ਆਪਣੇ ਪਾਠਕਾਂ ਦੇ ਚਿਹਰਿਆਂ ਤੇ ਮੁਸਕਰਾਹਟਾਂ ਬਿਖੇਰੀਆਂ, ਉਨ੍ਹਾਂ ਦਾ ਤਣਾਅ ਦੂਰ ਕੀਤਾ। ਉਹ ਇੱਕ ਅਜਿਹਾ ਲੇਖਕ ਸੀ, ਜੀਹਦੇ ਹਾਸ-ਵਿਅੰਗ ਲੇਖਾਂ ਕਰਕੇ ਅਖ਼ਬਾਰ ਵਿਕਦੇ ਸਨ। ਹੁਣ ਅਜਿਹੇ ਸੈਲੀਬ੍ਰਿਟੀ ਲੇਖਕ ਬਹੁਤ ਦੁਰਲੱਭ ਹਨ, ਜਿਨ੍ਹਾਂ ਦੇ ਲੇਖਾਂ ਦੇ ਆਧਾਰ ਤੇ ਅਖ਼ਬਾਰਾਂ ਜਾਂ ਪੱਤ੍ਰਿਕਾਵਾਂ ਵਿਕਦੀਆਂ ਹੋਣ। ਇਸ ਲੇਖਕ ਦਾ ਇੱਕ ਕਾਲਮ 'ਪਿਆਜ਼ ਕੇ ਛਿਲਕੇ' ਜਿਸ ਦਿਨ ਅਖ਼ਬਾਰ ਵਿੱਚ ਨਾ ਛਪਦਾ, ਪਾਠਕ ਅਖ਼ਬਾਰ ਨਾ ਖਰੀਦਦੇ। ਉਹ ਪਾਠਕ ਅਕਸਰ ਸੰਪਾਦਕ ਨੂੰ ਚਿੱਠੀਆਂ ਲਿਖਦੇ ਕਿ ਜਿਸ ਦਿਨ ਇਹ ਕਾਲਮ ਨਾ ਛਪਣਾ ਹੋਵੇ, ਉਸਦੀ ਸੂਚਨਾ ਇੱਕ ਦਿਨ ਪਹਿਲਾਂ ਦੇ ਦਿਆ ਕਰੋ, ਤਾਂ ਕਿ ਸਾਡਾ ਮੂਡ ਖਰਾਬ ਨਾ ਹੋਵੇ। ਸੰਪਾਦਕ ਨੇ ਇੱਕ-ਅੱਧ ਵਾਰ ਅਜਿਹਾ ਕੀਤਾ ਵੀ। ਫ਼ਿਕਰ ਇੱਕ ਵਾਰ ਤਿੰਨ ਦਿਨ ਦੀ ਛੁੱਟੀ ਤੇ ਸੀ। ਅਖ਼ਬਾਰ ਨੇ ਇਸ ਸੰਬੰਧੀ ਸੂਚਨਾ ਛਾਪ ਦਿੱਤੀ ਕਿ ਅਗਲੇ ਤਿੰਨ ਦਿਨ ਫ਼ਿਕਰ ਸਾਹਬ ਦਾ ਕਾਲਮ ਨਹੀਂ ਛਪੇਗਾ। ਇਨ੍ਹਾਂ ਤਿੰਨ ਦਿਨਾਂ ਵਿੱਚ ਅਖ਼ਬਾਰ ਦੀ ਵਿਕਰੀ ਤੇ ਕਾਫੀ ਬੁਰਾ ਅਸਰ ਪਿਆ। ਜੋ ਲੋਕ 'ਪਿਆਜ਼ ਕੇ ਛਿਲਕੇ' ਲਈ ਅਖ਼ਬਾਰ ਖ਼ਰੀਦਦੇ ਸਨ, ਉਨ੍ਹਾਂ ਨੇ ਤਿੰਨ ਦਿਨ ਅਖਬਾਰ ਨਹੀਂ ਖਰੀਦਿਆ। ਖਬਰਾਂ ਲਈ ਉਹ ਮੰਗ ਕੇ ਅਖ਼ਬਾਰ ਪੜ੍ਹ ਲੈਂਦੇ ਪਰ 'ਪਿਆਜ਼ ਕੇ ਛਿਲਕੇ' ਤੋਂ ਬਿਨਾਂ ਅਖ਼ਬਾਰ ਤੇ ਉਹ ਇੱਕ ਵੀ ਪੈਸਾ ਖਰਚਣ ਨੂੰ ਤਿਆਰ ਨਹੀਂ ਸਨ।

ਫ਼ਿਕਰ ਤੌਂਸਵੀ ਦਾ ਅਸਲ ਨਾਂ ਰਾਮ ਲਾਲ ਭਾਟੀਆ ਸੀ। ਉਹਦਾ ਜਨਮ ਅਣਵੰਡੇ ਪੰਜਾਬ ਵਿੱਚ 7 ਅਕਤੂਬਰ 1918 ਨੂੰ ਤੌਂਸਾ ਸ਼ਰੀਫ਼, ਜ਼ਿਲ੍ਹਾ ਡੇਰਾ ਗਾਜ਼ੀ ਖਾਂ (ਮੌਜੂਦਾ ਪਾਕਿਸਤਾਨ) ਵਿੱਚ ਪਿਤਾ ਧਨਪਤ ਰਾਏ ਦੇ ਘਰ ਹੋਇਆ, ਜੋ ਬਲੋਚ-ਆਦਿਵਾਸੀ ਖੇਤਰ ਵਿੱਚ ਇੱਕ ਦੁਕਾਨਦਾਰ ਸਨ। ਉਨ੍ਹਾਂ ਦਾ ਪਿੰਡ ਮੰਗਰੋਥਾ ਸੀ, ਜੋ ਤੌਂਸਾ ਤੋਂ ਕਰੀਬ ਚਾਰ ਕਿ.ਮੀ. ਦੂਰ ਸੀ।

ਫ਼ਿਕਰ ਨੇ ਤੌਂਸਾ ਤੋਂ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਕੀਤੀ ਤੇ ਉੱਚ ਵਿੱਦਿਆ ਲਾਹੌਰ ਤੋਂ ਹਾਸਲ ਕੀਤੀ। ਪਿਤਾ ਦਾ ਛੇਤੀ ਦਿਹਾਂਤ ਹੋ ਜਾਣ ਕਰਕੇ ਉਹਦੇ ਸਿਰ ਤੇ ਘਰੇਲੂ ਜ਼ਿੰਮੇਵਾਰੀਆਂ ਆ ਗਈਆਂ। 18 ਸਾਲ ਦੀ ਉਮਰ ਵਿੱਚ ਹਫ਼ਤਾਵਾਰੀ 'ਕਿਸਾਨ' ਦਾ ਲੇਖਨ, ਰੰਗਾਈ-ਛਪਾਈ, ਸਾਈਨਬੋਰਡ ਤੇ ਇਸ਼ਤਿਹਾਰ ਪੇਂਟ ਕਰਨਾ, ਵਾਲਾਂ ਦਾ ਤੇਲ ਵੇਚਣ ਵਰਗੇ ਕੰਮ ਵੀ ਉਹਨੂੰ ਕਰਨੇ ਪਏ। 1928 ਵਿੱਚ ਫ਼ਿਕਰ ਨੇ ਪੰਜਾਬ ਬੁੱਕ ਡਿਪੂ ਲਾਹੌਰ ਵਿੱਚ ਕਲਰਕ ਵਜੋਂ ਕੰਮ ਸ਼ੁਰੂ ਕੀਤਾ ਤੇ ਏਥੇ ਹੀ ਉਹ ਪ੍ਰਸਿੱਧ ਸ਼ਾਇਰ ਅਹਿਮਦ ਨਸੀਮ ਕਾਸਮੀ ਦੇ ਸੰਪਾਦਨ ਹੇਠ ਛਪਣ ਵਾਲੇ ਮਾਸਿਕ 'ਅਦਬੀ ਲਤੀਫ਼' ਵਿੱਚ ਉਪ ਸੰਪਾਦਕ ਲੱਗ ਗਿਆ। ਇਨ੍ਹਾਂ ਹੀ ਦਿਨਾਂ ਵਿੱਚ ਫ਼ਿਕਰ ਨੇ ਮੁਮਤਾਜ਼ ਮੁਫ਼ਤੀ ਨਾਲ ਮਿਲ ਕੇ 'ਸਵੇਰਾ' ਕੱਢਿਆ। ਪਰ ਭਾਰਤ-ਪਾਕਿ ਵੰਡ ਨੇ ਸਾਰੇ ਸੁਪਨੇ ਤੋੜ ਦਿੱਤੇ।

ਫ਼ਿਕਰ ਦੀ ਸ਼ਾਦੀ 1944 ਵਿੱਚ ਸ਼੍ਰੀਮਤੀ ਕੈਲਾਸ਼ਵਤੀ ਨਾਲ ਹੋਈ। ਉਸਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ - ਰਾਣੀ, ਫੂਲ ਕੁਮਾਰ ਤੇ ਸੁਮਨ।

1947 ਦੀ ਵੰਡ ਪਿੱਛੋਂ ਉਹ ਜਲੰਧਰ ਆ ਗਿਆ ਤੇ ਏਥੋਂ ਛਪਣ ਵਾਲੇ ਉਰਦੂ ਦੈਨਿਕ 'ਮਿਲਾਪ' ਵਿੱਚ ਉਪ ਸੰਪਾਦਕ ਤੇ ਕਾਲਮ ਨਵੀਸ ਵਜੋਂ ਨੌਕਰੀ ਕਰਨ ਲੱਗਿਆ। ਇਸ ਅਖ਼ਬਾਰ ਵਿੱਚ ਉਹਦਾ ਕਾਲਮ 'ਪਿਆਜ਼ ਕੇ ਛਿਲਕੇ' ਕਰੀਬ 27 ਸਾਲ ਨਿਰੰਤਰ ਛਪਦਾ ਰਿਹਾ। ਇਸ ਅਖ਼ਬਾਰ ਤੋਂ ਇਲਾਵਾ ਉਹ 'ਛਦਮ' ਨਾਂ ਹੇਠ ਦਿੱਲੀ ਤੋਂ ਛਪਦੇ 'ਬੀਸਵੀਂ ਸਦੀ' ਵਿੱਚ 'ਤੀਰੇ-ਨਸ਼ਤਰ' ਕਾਲਮ ਵੀ ਲਿਖਦਾ ਸੀ।

ਫ਼ਿਕਰ ਨੂੰ ਵੰਡ ਦੀ ਪੀੜ ਨੇ ਬਹੁਤ ਦੁਖੀ ਕੀਤਾ। ਉਹਦਾ ਪਿਆਰਾ ਸ਼ਹਿਰ ਲਾਹੌਰ ਸੀ, ਜੋ ਉਹਦੀ ਆਤਮਾ ਨਾਲ ਜੁੜਿਆ ਹੋਇਆ ਸੀ। ਲਾਹੌਰ ਰਹਿਣ ਤੱਕ ਉਹ ਪ੍ਰਗਤੀਸ਼ੀਲ ਲਹਿਰ ਨਾਲ ਜੁੜਿਆ ਰਿਹਾ। ਫ਼ਸਾਦਾਂ ਵੇਲੇ ਵੀ ਉਹ ਨਿਡਰ ਹੋ ਕੇ ਲਾਹੌਰ ਦੇ 'ਮਕਤਬਾ ਉਰਦੂ' ਦੇ ਦਫ਼ਤਰ ਵਿੱਚ ਬੈਠਾ ਰਹਿੰਦਾ ਸੀ। ਭਾਰਤ ਆ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਹ ਪਾਰਟੀ ਦਾ ਹੋਲ ਟਾਈਮਰ ਸੀ। ਪਾਰਟੀ ਦੇ ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਉਹਨੇ 'ਅੱਜ ਦੀ ਖ਼ਬਰ' ਸਿਰਲੇਖ ਹੇਠ ਕਾਲਮ ਸ਼ੁਰੂ ਕੀਤਾ।

ਉਹਨੇ ਸਾਹਿਤ ਰਚਨਾ ਸ਼ਾਇਰੀ ਤੋਂ ਸ਼ੁਰੂ ਕੀਤੀ -'ਤਨਹਾਈ' ਤੇ 'ਮਹਾਗਿਆਨੀ' ਉਹਦੀਆਂ ਪ੍ਰਸਿੱਧ ਨਜ਼ਮਾਂ ਹਨ। ਪਰ ਸ਼ਾਇਰੀ ਵਿੱਚ ਉਹ ਵਧੇਰੇ ਨਾ ਟਿਕਿਆ ਤੇ ਹਾਸ-ਵਿਅੰਗ ਦੇ ਖੇਤਰ ਵਿੱਚ ਆ ਗਿਆ।

1948 ਵਿੱਚ ਉਹਦਾ ਇੱਕ ਦਿਲ ਦਹਿਲਾ ਦੇਣ ਵਾਲਾ ਨਾਵਲ 'ਛਠਾ ਦਰਿਆ' ਛਪਿਆ, ਜਿਸ ਵਿੱਚ ਡਾਇਰੀ-ਵਿਧੀ ਰਾਹੀਂ ਵੰਡ ਅਤੇ ਫ਼ਸਾਦਾਂ ਦੀ ਲਹੂ-ਭਿੱਜੀ ਦਾਸਤਾਨ ਪੇਸ਼ ਕੀਤੀ ਗਈ ਹੈ। ਵੰਡ ਦੇ ਵਿਸ਼ੇ ਤੇ ਇਹ ਕਲਾਸਿਕ ਨਾਵਲ ਹੈ। ਇਸ ਦਾ ਅੰਗਰੇਜ਼ੀ ਅਨੁਵਾਦ ਡਾ. ਮਾਜ਼ ਬਿਨ ਬਿਲਾਲ ਨੇ 'ਦ ਸਿਕਸਥ ਰਿਵਰ: ਏ ਜਰਨਲ ਫ਼ਰਾਮ ਦ ਪਾਰਟੀਸ਼ਨ ਆਫ਼ ਇੰਡੀਆ' ਨਾਂ ਹੇਠ ਕੀਤਾ, ਜੋ 2019 ਵਿੱਚ ਛਪਿਆ।

ਕਾਲਮ-ਨਵੀਸੀ ਦੇ ਨਾਲ ਨਾਲ ਉਹਨੇ ਰੇਡੀਓ, ਟੀਵੀ, ਅਖ਼ਬਾਰਾਂ, ਪੱਤ੍ਰਿਕਾਵਾਂ ਲਈ ਵੀ ਫ਼ੀਚਰ, ਡਰਾਮੇ ਤੇ ਮਜ਼ਾਹੀਆ ਮਜ਼ਮੂਨ ਲਿਖੇ। ਉਹ ਦੂਜਿਆਂ ਤੇ ਹੱਸਣ ਦੀ ਥਾਂ ਖੁਦ ਤੇ ਤਨਜ਼ ਕਰਦਾ ਸੀ। ਉਹਦੇ ਤਨਜ਼ ਬਾਰੇ ਕਈ ਕਾਲਮ ਕਿਤਾਬੀ ਰੂਪ ਵਿੱਚ ਵੀ ਛਪ ਚੁੱਕੇ ਹਨ। ਸਾਤਵਾਂ ਸ਼ਾਸਤਰ, ਪਿਆਜ਼ ਕੇ ਛਿਲਕੇ, ਚੌਪਟ ਰਾਜਾ, ਬਦਨਾਮ ਕਿਤਾਬ, ਫ਼ਿਕਰਨਾਮਾ, ਫ਼ਿਕਰੀਆਤ, ਬਾਤ ਮੇਂ ਘਾਤ, ਛਿਲਕੇ ਹੀ ਛਿਲਕੇ, ਫ਼ਿਕਰਵਾਣੀ, ਆਧਾ ਆਦਮੀ, ਆਖਰੀ ਕਿਤਾਬ, ਘਰ ਮੇਂ ਚੋਰ, ਮੇਰੀ ਬੀਵੀ, ਵਾਰੰਟ-ਏ-ਗ੍ਰਿਫ਼ਤਾਰੀ, ਮਾਡਰਨ ਅਲਾਦੀਨ, ਪ੍ਰੋਫ਼ੈਸਰ ਬੁੱਧੂ, ਤੀਰ-ਏ-ਨੀਮਕਸ਼ ਆਦਿ ਉਹਦੇ ਚਰਚਿਤ ਵਿਅੰਗ-ਸੰਗ੍ਰਹਿ ਹਨ।

ਅਦਬ ਦੇ ਖੇਤਰ ਵਿੱਚ ਲਾਸਾਨੀ ਯੋਗਦਾਨ ਨੂੰ ਵੇਖਦਿਆਂ ਉਹਨੂੰ ਕਈ ਪੁਰਸਕਾਰ ਤੇ ਸਨਮਾਨ ਪ੍ਰਾਪਤ ਹੋਏ। ਇਸ ਲੜੀ ਵਿੱਚ 1969 ਵਿੱਚ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ', 1973 ਵਿੱਚ ਚੌਪਟ ਰਾਜਾ, 1977 ਵਿੱਚ ਫ਼ਿਕਰਨਾਮਾ, 1980 ਵਿੱਚ ਆਖਰੀ ਕਿਤਾਬ ਤੇ ਉੱਤਰਪ੍ਰਦੇਸ਼ ਅਕਾਦਮੀ ਵੱਲੋਂ ਸਨਮਾਨ, 1983 ਵਿੱਚ 'ਮੀਰ ਅਕਾਦਮੀ ਅਵਾਰਡ', 1985 ਵਿੱਚ ਫ਼ਿਕਰਵਾਣੀ ਤੇ 'ਪੱਛਮੀ ਬੰਗਾਲ ਉਰਦੂ ਅਕਾਦਮੀ ਅਵਾਰਡ' ਅਤੇ 1987 ਵਿੱਚ 'ਭਾਸ਼ਾ ਵਿਭਾਗ ਪੰਜਾਬ ਪੁਰਸਕਾਰ' ਜ਼ਿਕਰਯੋਗ ਹਨ।

1980 ਦੇ ਦਹਾਕੇ ਵਿੱਚ ਦੂਰਦਰਸ਼ਨ ਤੇ ਇੱਕ ਲੜੀਵਾਰ 'ਫ਼ਿਕਰ ਨੇ ਕਹਾ' ਜਾਰੀ ਹੋਇਆ, ਜਿਸ ਵਿੱਚ ਟਿਕੂ ਤਲਸਨੀਆ ਨੇ ਭੂਮਿਕਾ ਨਿਭਾਈ।


ਕੁਛ ਸਵਾਲ ਕੁਛ ਜਵਾਬ, ਮੇਰੀ ਸ਼ਾਦੀ ਕੀ ਪੱਚੀਸਵੀਂ ਸਾਲਗਿਰਹ, ਲੁਗਾਤ-ਏ-ਫ਼ਿਕਰੀ, ਔਰ ਸਾਈਂ ਬਾਬਾ ਨੇ ਕਹਾ, ਖ਼ਤ ਲਿਖੇਂਗੇ, ਗੁਮਸ਼ੁਦਾ ਕੀ ਤਲਾਸ਼, ਬੀਵੀ ਕੇ ਹਿਜਰ ਮੇਂ, ਦਿੱਲੀ ਜੋ ਏਕ ਸ਼ਹਿਰ ਹੈ, ਮੀਰ ਬੀਮਾਰ ਹੂਏ, ਮਹੱਲਾ ਸੁਧਾਰ ਕਮੇਟੀ, ਮਾਡਰਨ ਹਿਤੋਪਦੇਸ਼, ਮੈਂ ਮਾਲਕ ਮਕਾਨ ਬਨਾ ਜਿਹੀਆਂ ਦਿਲਚਸਪ ਰਚਨਾਵਾਂ ਦਾ ਲੇਖਕ ਆਖਰਕਾਰ 12 ਸਤੰਬਰ 1987 ਨੂੰ ਦਿੱਲੀ ਵਿਖੇ 68 ਸਾਲ ਦੀ ਉਮਰ ਵਿੱਚ ਹਮੇਸ਼ਾ ਲਈ ਰੁਖ਼ਸਤ ਹੋ ਗਿਆ।

'ਕੁਛ ਸਵਾਲ ਕੁਛ ਜਵਾਬ' ਪੁਸਤਕ ਵਿੱਚੋਂ ਕੁਝ ਸੁਆਲ-ਜੁਆਬ ਪਾਠਕਾਂ ਦੀ ਦਿਲਚਸਪੀ ਹਿਤ ਪੇਸ਼ ਹਨ :

? ਆਸ਼ਕਾਂ ਅਤੇ ਬੁੱਢਿਆਂ ਨੂੰ ਨੀਂਦ ਕਿਉਂ ਨਹੀਂ ਆਉਂਦੀ?

˝ ਆਸ਼ਕਾਂ ਨੂੰ ਮਹਿਬੂਬਾ ਅਤੇ ਬੁੱਢਿਆਂ ਨੂੰ ਮੌਤ ਦੀ ਉਡੀਕ ਵਿੱਚ। ਦੋਵੇਂ ਪਤਾ ਨਹੀਂ ਕਦੋਂ ਟਪਕ ਪੈਣ।

? ਉਹ ਕਿਹੜੀ ਅੱਖ ਹੈ ਜੋ ਰੋਂਦੀ ਨਹੀਂ ਪਰ ਹੰਝੂ ਵਹਾਉਂਦੀ ਹੈ?




˝ ਲੀਡਰ ਦੀ ਅੱਖ।

? ਫੁੱਲ ਕਦੋਂ ਪੱਥਰ ਬਣ ਜਾਂਦੇ ਹਨ?

˝ ਜਦੋਂ ਕੋਈ ਖ਼ੂਬਸੂਰਤ ਲੜਕੀ ਲੇਡੀ ਪੁਲੀਸ ਵਿੱਚ ਭਰਤੀ ਹੋ ਜਾਂਦੀ ਹੈ।

? ਜਦੋਂ ਲੀਡਰ ਸਟੇਜ ਤੇ ਤਕਰੀਰ ਕਰ ਰਿਹਾ ਹੁੰਦਾ ਹੈ ਤਾਂ ਉਹ ਕੀ ਸੋਚਦਾ ਹੈ?

˝ ਲੀਡਰ ਬਿਨਾਂ ਸੋਚੇ ਹੀ ਤਕਰੀਰ ਕਰਦਾ ਹੈ।

? ਸਾਲ਼ੀ ਅੱਧੀ ਘਰਵਾਲ਼ੀ ਹੁੰਦੀ ਹੈ ਤਾਂ ਸਾਲ਼ਾ?

˝ ਪੂਰਾ ਚਪੜਾਸੀ।

ਇੱਕ ਰੋਚਕ ਕਿੱਸੇ ਨਾਲ ਇਹ ਲਿਖਤ ਸਮਾਪਤ ਕਰਦਾ ਹਾਂ :

ਫ਼ਿਕਰ ਨੇ ਇੱਕ ਵਾਰ ਆਪਣੇ ਅਸਲ ਨਾਂ ਰਾਮ ਲਾਲ ਭਾਟੀਆ ਦੇ ਨਾਂ ਹੇਠ ਕੁਝ ਰਚਨਾਵਾਂ ਆਪਣੇ ਸਮੇਂ ਦੀ ਪ੍ਰਸਿੱਧ ਪੱਤ੍ਰਿਕਾ 'ਸ਼ਮਾ' ਲਈ ਭੇਜੀਆਂ, ਪਰ ਸਾਰੀਆਂ ਰਚਨਾਵਾਂ ਵਾਪਸ ਆ ਗਈਆਂ। ਫਿਰ ਉਹੀ ਲਿਖਤਾਂ ਥੋੜ੍ਹੀ-ਬਹੁਤ ਤਬਦੀਲੀ ਨਾਲ ਫ਼ਿਕਰ ਤੌਂਸਵੀ ਨਾਂ ਹੇਠ ਭੇਜੀਆਂ ਤਾਂ ਉਹੀ ਰਚਨਾਵਾਂ ਨਾ ਸਿਰਫ਼ ਛਪੀਆਂ ਹੀ, ਸਗੋਂ ਚੰਗਾ-ਖਾਸਾ ਮਿਹਨਤਾਨਾ ਵੀ ਮਿਲਿਆ ਅਤੇ ਭਵਿੱਖ ਵਿੱਚ ਵੀ ਪੱਤ੍ਰਿਕਾ ਲਈ ਲਿਖਦੇ ਰਹਿਣ ਦਾ ਸੱਦਾ ਮਿਲਿਆ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

ਡਾ. ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (HEALTH EDUCATION) ਦੀ ਲੜੀਵਾਰ ਲੈਕਚਰ ਸੀਰੀਜ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸ਼ਾਮ 5 ਤੋ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁਕ ਉਪਰ ਸ਼ਾਮ 3.35 ਤੋਂ 3.55 ਪੰਜਾਬੀ ਵਿੱਚ ਅਤੇ 4.35 ਤੋਂ 4.55 ਹਿੰਦੀ ਵਿੱਚ ਅਤੇ ਸਾਂਝੀ ਸੋਚ ਟੀਵੀ ਉਪਰ ਸੋਮਵਾਰ, ਬੁਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr. Guridp S Sandhu: (408) 687 1899, (925) 587 1148


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਭਾਰਤ ਅਤੇ ਸਾਊਦੀ ਅਰਬ ਨੇ ਰੱਖਿਆ ਸਹਿਯੋਗ 'ਤੇ ਕੀਤੀ ਚਰਚਾ

**ਰਿਆਦ ਸਾਂਝੀ ਸੋਚ ਬਿਊਰੋ**

ਭਾਰਤ ਅਤੇ ਸਾਊਦੀ ਅਰਬ ਨੇ ਵੀਰਵਾਰ ਨੂੰ ਰੱਖਿਆ ਸਹਿਯੋਗ ਬਾਰੇ ਚਰਚਾ ਕੀਤੀ ਅਤੇ ਆਪਣੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਇਆ। ਇਹ ਗੱਲਬਾਤ ਉਦੋਂ ਹੋਈ ਜਦੋਂ ਭਾਰਤੀ ਰਾਜਦੂਤ ਵਿਪੁਲ ਨੇ ਸਾਊਦੀ ਅਰਬ ਦੇ ਰੱਖਿਆ ਸਹਾਇਕ ਮੰਤਰੀ ਖਾਲਿਦ ਬਿਨ ਹੁਸੈਨ ਅਲ-ਬਿਆਰੀ ਨਾਲ ਮੁਲਾਕਾਤ ਕੀਤੀ। ਸਾਊਦੀ ਅਰਬ ਵਿੱਚ ਭਾਰਤੀ ਦੂਤਾਵਾਸ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਲਿਖਿਆ, "ਸਾਊਦੀ ਅਰਬ ਦੇ ਰਾਜ ਵਿੱਚ ਭਾਰਤ ਦੇ ਰਾਜਦੂਤ, ਮਾਨਯੋਗ ਸ੍ਰੀ ਵਿਪੁਲ ਨੇ ਰਿਆਦ ਵਿੱਚ ਸਾਊਦੀ ਅਰਬ ਦੇ ਰੱਖਿਆ ਸਹਾਇਕ ਮੰਤਰੀ ਮਾਨਯੋਗ ਡਾ. ਖਾਲਿਦ ਬਿਨ ਹੁਸੈਨ ਅਲ-ਬਿਆਰੀ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਨੇ ਭਾਰਤ-ਸਾਊਦੀ ਅਰਬ ਰੱਖਿਆ ਸਹਿਯੋਗ 'ਤੇ ਚਰਚਾ ਕੀਤੀ ਅਤੇ ਖੇਤਰੀ ਘਟਨਾਕ੍ਰਮਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ, ਨਾਲ ਹੀ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।"ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ ਕੀਰਤੀ ਵਰਧਨ ਸਿੰਘ 5 ਤੋਂ 8 ਸਤੰਬਰ ਤੱਕ ਸਾਊਦੀ ਅਰਬ ਦੇ ਅਧਿਕਾਰਤ ਦੌਰੇ 'ਤੇ ਸਨ। ਆਪਣੀ ਫੇਰੀ ਦੌਰਾਨ, ਸਿੰਘ ਨੇ



ਸਾਊਦੀ ਅਰਬ ਦੇ ਵਾਤਾਵਰਣ, ਪਾਣੀ ਅਤੇ ਖੇਤੀਬਾੜੀ ਦੇ ਉਪ ਮੰਤਰੀ ਮਨਸੂਰ ਹਿਲਾਲ ਅਲ-ਮੁਸ਼ੈਤੀ ਨਾਲ ਮੁਲਾਕਾਤ ਕੀਤੀ ਅਤੇ ਵਾਤਾਵਰਣ ਅਤੇ ਜਲਵਾਯੂ ਕਾਰਵਾਈ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਬਾਰੇ ਚਰਚਾ ਕੀਤੀ। ਮੰਤਰੀ ਨੇ 'ਅਲ ਫਨਾਰ ਕੰਪਨੀ' ਦੇ ਲੇਬਰ ਕੈਂਪ ਵਿੱਚ ਭਾਰਤੀ ਕਾਮਿਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਭਾਰਤ ਤੇ ਸਾਊਦੀ ਅਰਬ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਕਾਮਿਆਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦੇਸ਼ਾਂ ਵਿੱਚ ਵਸੇ ਭਾਰਤੀ ਭਾਈਚਾਰੇ, ਖਾਸ ਕਰਕੇ ਕਾਮਿਆਂ ਦੀ ਭਲਾਈ ਲਈ ਭਾਰਤ ਸਰਕਾਰ ਦੀ ਵਚਨਬੱਧਤਾ ਪ੍ਰਗਟਾਈ।

ਸਿੰਘ ਨੇ ਸਾਊਦੀ ਅਰਬ ਦੇ ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ ਅਤੇ ਜਲਵਾਯੂ ਦੂਤ ਆਦਲ ਅਲ-ਜੁਬੈਰ ਨਾਲ ਮੀਟਿੰਗ ਕੀਤੀ ਅਤੇ ਦੁਵੱਲੇ ਸਬੰਧਾਂ ਦੀ "ਸ਼ਾਨਦਾਰ" ਸਥਿਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਜਲਵਾਯੂ ਕਾਰਵਾਈ 'ਤੇ ਸਹਿਯੋਗ ਬਾਰੇ ਵੀ ਚਰਚਾ ਕੀਤੀ। ਰਾਜ ਮੰਤਰੀ ਸਿੰਘ ਨੇ ਸਾਊਦੀ ਅਰਬ ਦੇ ਮਨੁੱਖੀ ਸਰੋਤ ਅਤੇ ਸਮਾਜਿਕ ਵਿਕਾਸ ਮੰਤਰੀ ਅਹਿਮਦ ਬਿਨ ਸੁਲੇਮਾਨ ਅਲ-ਰਾਜਹੀ ਨਾਲ ਵੀ ਮੁਲਾਕਾਤ ਕੀਤੀ ਅਤੇ ਕਿਰਤ ਤੇ ਮਨੁੱਖੀ ਸ਼ਕਤੀ (ਮੈਨਪਾਵਰ) ਦੇ ਖੇਤਰ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ।

ਸਿੰਘ ਨੇ ਸਾਊਦੀ ਅਰਬ ਵਿੱਚ ਭਾਰਤੀ ਭਾਈਚਾਰੇ ਦੇ ਵੱਡੇ ਵਰਗ ਨਾਲ ਗੱਲਬਾਤ ਕੀਤੀ ਅਤੇ ਮੁੱਖ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ ਵਿੱਚ ਉਨ੍ਹਾਂ ਦੀ ਭੂਮ ਉਨ੍ਹਾਂ ਨੇ ਭਾਰਤੀ ਕਾਰੋਬਾਰੀਆਂ, ਉੱਦਮੀਆਂ, ਨਿਵੇਸ਼ਕਾਂ ਅਤੇ ਪੇਸ਼ੇਵਰਾਂ ਨਾਲ ਗੱਲਬਾਤ ਕੀਤੀ ਅਤੇ ਸਾਊਦੀ ਅਰਬ ਨਾਲ ਦੁਵੱਲੇ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ "ਅਨਮੋਲ" ਭੂਮਿਕਾ ਦੀ ਸ਼ਲਾਘਾ ਕੀਤੀ।

# ਭਾਰਤ ਅਤੇ ਰੂਸ ਵਿਚਕਾਰ ਸਿਵਲ ਯਾਤਰੀ ਜਹਾਜ਼ਾਂ ਦੇ ਸਾਂਝੇ ਉਤਪਾਦਨ ਬਾਰੇ ਵਿਚਾਰ-ਚਰਚਾ

**ਮਾਸਕੋ ਸਾਂਝੀ ਸੋਚ ਬਿਊਰੋ**

ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਵੀਰਵਾਰ ਨੂੰ ਰੂਸ ਦੇ ਉਦਯੋਗ ਅਤੇ ਵਪਾਰ ਮੰਤਰੀ ਐਂਟਨ ਅਲੀਖਾਨੋਵ ਨਾਲ ਖੇਤਰੀ ਹਵਾਈ ਸੰਪਰਕ ਦੀ ਭਾਰਤ ਦੀ ਮੰਗ ਨੂੰ ਪੂਰਾ ਕਰਨ ਲਈ ਸਿਵਲ ਯਾਤਰੀ ਜਹਾਜ਼ਾਂ ਦੇ ਸਾਂਝੇ ਨਿਰਮਾਣ ਬਾਰੇ ਚਰਚਾ ਕੀਤੀ। ਨਾਇਡੂ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਖੇਤਰੀ ਸੰਪਰਕ ਦੀ ਅਥਾਹ ਸੰਭਾਵਨਾ ਦੇ ਨਾਲ, ਭਾਰਤ ਅਤੇ ਰੂਸ ਲਈ ਆਪਣੇ ਸਬੰਧਾਂ ਨੂੰ ਖਰੀਦਦਾਰ-ਵਿਕਰੇਤਾ ਤੋਂ ਅੱਗੇ ਵਧਾ ਕੇ ਸਾਂਝੇ ਨਿਰਮਾਣ ਅਤੇ ਡੂੰਘੇ ਉਦਯੋਗਿਕ ਸਹਿਯੋਗ ਵੱਲ ਲੈ ਜਾਣ ਦਾ ਇੱਕ ਮਜ਼ਬੂਤ ਮੌਕਾ ਹੈ।"ਉਨ੍ਹਾਂ ਅੱਗੇ ਕਿਹਾ ਕਿ ਭਾਰਤ-ਰੂਸ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ ਅਤੇ ਹਵਾਬਾਜ਼ੀ ਖੇਤਰ ਇਸ ਰਣਨੀਤਕ ਭਾਈਵਾਲੀ ਦੇ ਇੱਕ ਮੁੱਖ ਥੰਮ੍ਹ ਵਜੋਂ ਉੱਭਰ ਰਿਹਾ ਹੈ। ਜਨਤਕ ਖੇਤਰ ਦੀ ਏਰੋਸਪੇਸ ਕੰਪਨੀ ਹਿੰਦੁਸਤਾਨ ਏਰੋਨਾਟਿਕਸ ਲਿਮਿਟੇਡ ਅਤੇ ਰੂਸ ਦੀ ਯੂਨਾਈਟਿਡ ਏਅਰਕ੍ਰਾਫਟ ਕਾਰਪੋਰੇਸ਼ਨ ਨੇ ਪਹਿਲਾਂ ਭਾਰਤ ਵਿੱਚ ਸੁਪਰਜੈੱਟ ਸਿਵਲ



ਯਾਤਰੀ ਜਹਾਜ਼ ਦੇ ਲਾਇਸੰਸਸ਼ੁਦਾ ਸਾਂਝੇ ਉਤਪਾਦਨ ਅਤੇ ਸਹਾਇਤਾ ਲਈ ਇੱਕ ਸ਼ੁਰੂਆਤੀ ਸਮਝੌਤੇ 'ਤੇ ਦਸਤਖਤ ਕੀਤੇ ਸਨ, ਅਤੇ ਸਥਾਨਕ ਪੱਧਰ 'ਤੇ ਨਿਰਮਾਣ (ਲੋਕਲਾਈਜ਼ੇਸ਼ਨ) ਬਾਰੇ ਗੱਲਬਾਤ ਅੰਤਿਮ ਪੜਾਅ 'ਤੇ ਦੱਸੀ ਜਾ ਰਹੀ ਹੈ। ਚਰਚਾਵਾਂ ਅਤੇ ਪ੍ਰਸਤਾਵਿਤ ਸੌਦਿਆਂ ਵਿੱਚ ਭਾਰਤੀ ਓਪਰੇਟਰਾਂ ਜਿਵੇਂ ਕਿ ਪਿਨੈਕਲ ਏਅਰ, ਏਅਰ ਕੇਰਲਾ ਅਤੇ ਸਲੀਕ ਏਵੀਏਸ਼ਨ- ਨੂੰ 105 ਖੇਤਰੀ ਟਰਬੋਪ੍ਰੌਪ ਜਹਾਜ਼ਾਂ ਦੀ ਸੰਭਾਵਿਤ ਸਪਲਾਈ ਅਤੇ ਪ੍ਰਬੰਧ ਸ਼ਾਮਲ ਹਨ। ਰੂਸ ਨੇ ਭਾਰਤ ਦੀਆਂ ਵਧਦੀਆਂ ਖੇਤਰੀ ਸੰਪਰਕ ਲੋੜਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਇੱਥੇ 'ਇਨੋਪ੍ਰੋਮ' ਸਮਾਗਮ ਵਿੱਚ ਆਪਣੇ ਖੇਤਰੀ ਸ਼ਝ-100,ਐਮਸੀ-21 ਅਤੇ ਆਈਐਲ-114-300 ਜਹਾਜ਼ਾਂ ਦਾ ਪ੍ਰਦਰਸ਼ਨ ਕੀਤਾ। ਹਵਾਬਾਜ਼ੀ ਖੇਤਰ ਵਿੱਚ ਇਹ ਵਧਦਾ ਸਹਿਯੋਗ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ ਜਦੋਂ ਰੂਸ ਮਿਗ ਅਤੇ ਸੁਖੋਈ ਲੜਾਕੂ ਜਹਾਜ਼ਾਂ ਵਰਗੇ ਰਵਾਇਤੀ ਰੱਖਿਆ ਪਲੇਟਫਾਰਮਾਂ ਤੋਂ ਅੱਗੇ ਵਧ ਕੇ ਭਾਰਤ ਨਾਲ ਉਦਯੋਗਿਕ ਸਹਿਯੋਗ ਨੂੰ ਡੂੰਘਾ ਕਰਨਾ ਚਾਹੁੰਦਾ ਹੈ। ਪ੍ਰਸਤਾਵਿਤ ਜਹਾਜ਼ ਸੌਦੇ ਭਾਰਤ-ਰੂਸ ਏਰੋਸਪੇਸ ਸਬੰਧਾਂ ਦੇ ਸਿਵਲ ਹਵਾਬਾਜ਼ੀ, ਖੇਤਰੀ ਸੰਪਰਕ ਅਤੇ ਜਹਾਜ਼ ਨਿਰਮਾਣ ਦੇ ਖੇਤਰਾਂ ਵਿੱਚ ਸੰਭਾਵਿਤ ਵਿਸਥਾਰ ਵੱਲ ਇਸ਼ਾਰਾ ਕਰਦੇ ਹਨ।

# ਬ੍ਰਿਕਸ ਦੁਆਰਾ ਇੱਕ ਸਮਾਵੇਸ਼ੀ ਵਿਸ਼ਵ ਵਿਵਸਥਾ ਨੂੰ ਰੂਪ ਦੇਣ ਵਿੱਚ ਭਾਰਤ ਨਿਭਾ ਰਿਹਾ ਹੈ ਅਹਿਮ ਭੂਮਿਕਾ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਬ੍ਰਿਕਸ, ਜੋ ਸ਼ੁਰੂ ਵਿੱਚ ਚਾਰ ਉੱਭਰਦੀਆਂ ਆਰਥਿਕਤਾਵਾਂ ਲਈ ਸਿਰਫ਼ ਇੱਕ ਸੰਖੇਪ ਨਾਮ ਵਜੋਂ ਹੋਂਦ ਵਿੱਚ ਆਇਆ ਸੀ, ਹੁਣ ਚਾਰ ਮਹਾਂਦੀਪਾਂ ਵਿੱਚ ਫੈਲੇ ਇੱਕ ਭੂ-ਰਾਜਨੀਤਿਕ ਸਮੂਹ ਵਜੋਂ ਵਿਕਸਤ ਹੋ ਗਿਆ ਹੈ। ਮੈਂਬਰਸ਼ਿਪ ਦੇ ਵੱਖ-ਵੱਖ ਪੜਾਵਾਂ ਦੌਰਾਨ ਤੇਲ ਉਤਪਾਦਕ ਦੇਸ਼ਾਂ, ਅਫਰੀਕੀ ਅਰਥਚਾਰਿਆਂ ਅਤੇ ਦੱਖਣ-ਪੂਰਬੀ ਏਸ਼ੀਆਈ ਭਾਈਵਾਲਾਂ ਦੇ ਸ਼ਾਮਲ ਹੋਣ ਨਾਲ ਇਸਦਾ ਵਿਸਥਾਰ ਹੋਇਆ ਹੈ। ਵੀਰਵਾਰ ਨੂੰ ਜਾਰੀ ਇੱਕ ਅਧਿਕਾਰਤ ਤੱਥ-ਪੱਤਰ ਅਨੁਸਾਰ, ਇਸ ਸਾਲ ਭਾਰਤ ਇਸ ਵਿਸਥਾਰਸ਼ੀਲ ਢਾਂਚੇ ਦੇ ਕੇਂਦਰ ਵਿੱਚ ਹੈ ਅਤੇ ਆਪਣੀ ਸਥਾਪਨਾ ਤੋਂ ਬਾਅਦ ਚੌਥੀ ਵਾਰ ਇਸ ਸਮੂਹ ਦੀ ਪ੍ਰਧਾਨਗੀ ਕਰ ਰਿਹਾ ਹੈ।

ਬ੍ਰਿਕਸ ਪ੍ਰਮੁੱਖ ਉੱਭਰਦੀਆਂ ਆਰਥਿਕਤਾਵਾਂ ਵਿਚਕਾਰ ਆਰਥਿਕ ਨੀਤੀਆਂ ਦੇ ਤਾਲਮੇਲ ਲਈ ਇੱਕ ਮੁੱਖ ਮੰਚ ਵਜੋਂ ਉਭਰਿਆ ਹੈ। ਇਹ ਇੱਕ ਅਜਿਹੇ ਮੁੱਖ ਮੰਚ ਵਜੋਂ ਕੰਮ ਕਰਦਾ ਹੈ ਜਿੱਥੇ ਇਹ ਦੇਸ਼ ਵਿਸ਼ਵ ਸ਼ਾਸਨ ਬਾਰੇ ਇੱਕ ਸਾਂਝਾ ਰੁਖ ਤਿਆਰ ਕਰਦੇ ਹਨ। ਨਿਰੰਤਰ ਗੱਲਬਾਤ ਰਾਹੀਂ, ਇਹ ਬਹੁ-ਪੱਖੀ ਸੰਸਥਾਵਾਂ ਦੇ ਅੰਦਰ 'ਗਲੋਬਲ ਸਾਊਥ' (ਵਿਕਾਸਸ਼ੀਲ ਦੇਸ਼ਾਂ) ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਇੱਕ ਮਾਧਿਅਮ ਬਣ ਗਿਆ ਹੈ। ਆਪਣੀ ਪ੍ਰਧਾਨਗੀ ਦੇ ਤਹਿਤ, ਭਾਰਤ 12-13 ਸਤੰਬਰ 2026 ਨੂੰ ਨਵੀਂ ਦਿੱਲੀ ਵਿੱਚ 18ਵੇਂ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਭਾਰਤ ਦੀ ਪ੍ਰਧਾਨਗੀ "ਲਚਕਤਾ, ਨਵੀਨਤਾ, ਸਹਿਯੋਗ ਅਤੇ ਸਥਿਰਤਾ ਲਈ ਨਿਰਮਾਣ" ਦੇ ਵਿਸ਼ੇ 'ਤੇ ਅਧਾਰਤ ਹੈ। ਇਹ ਵਿਸ਼ਾ ਮੌਜੂਦਾ ਪ੍ਰਾਪਤੀਆਂ ਅਤੇ ਸੰਸਥਾਗਤ ਪ੍ਰਭਾਵਸ਼ੀਲਤਾ ਨੂੰ ਮਜ਼ਬੂਤ ਕਰਨ 'ਤੇ ਭਾਰਤ ਦੇ ਧਿਆਨ ਨੂੰ ਦਰਸਾਉਂਦਾ ਹੈ। ਇਹ ਵਿਕਾਸ, ਸਥਿਰਤਾ ਅਤੇ ਨਵੀਨਤਾ ਨੂੰ ਏਜੰਡੇ ਦੇ ਕੇਂਦਰ ਵਿੱਚ ਰੱਖਦਾ ਹੈ। ਇਹ 'ਗਲੋਬਲ ਸਾਊਥ' ਦੀਆਂ ਇੱਛਾਵਾਂ ਨੂੰ ਵੀ ਉਜਾਗਰ ਕਰਦਾ ਹੈ। ਭਾਰਤ ਬ੍ਰਿਕਸ ਨੂੰ ਇੱਕ ਉਸਾਰੂ ਅਤੇ ਹੱਲ-ਮੁਖੀ ਮੰਚ ਵਜੋਂ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅੱਜ, ਬ੍ਰਿਕਸ ਦਾ ਵਿਸਥਾਰ ਹੋ ਕੇ ਇਸ ਵਿੱਚ 11 ਦੇਸ਼ ਸ਼ਾਮਲ ਹੋ ਗਏ ਹਨ: ਬ੍ਰਾਜ਼ੀਲ, ਚੀਨ, ਮਿਸਰ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਈਰਾਨ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ ਅਤੇ ਯੂਏਈ। ਸਮੂਹਿਕ ਤੌਰ 'ਤੇ, ਇਹ ਮੈਂਬਰ ਵਿਸ਼ਵ ਆਬਾਦੀ ਦਾ 49.5 ਫੀਸਦੀ, ਵਿਸ਼ਵ ਜੀਡੀਪੀ ਦਾ 40 ਫੀਸਦੀ ਅਤੇ ਵਿਸ਼ਵ ਵਪਾਰ ਦਾ 26 ਫੀਸਦੀ ਹਿੱਸਾ ਨੁਮਾਇੰਦਗੀ ਕਰਦੇ ਹਨ। ਜਨਵਰੀ 2024 ਵਿੱਚ ਹੋਏ ਸਮੂਹ ਦੇ ਵਿਸਥਾਰ ਤੋਂ ਬਾਅਦ 'ਭਾਈਵਾਲ ਦੇਸ਼' ਦੀ ਸ਼੍ਰੇਣੀ ਵੀ ਬਣਾਈ ਗਈ ਸੀ। ਇਹ ਅੰਕੜੇ ਉਨ੍ਹਾਂ ਦੇ ਮਹੱਤਵਪੂਰਨ ਜਨਸੰਖਿਆਕ ਅਤੇ ਆਰ ਇੰਡੋਨੇਸ਼ੀਆ ਜਨਵਰੀ 2025 ਵਿੱਚ ਗਿਆਰ੍ਹਵੇਂ ਪੂਰਨ ਮੈਂਬਰ ਵਜੋਂ ਸ਼ਾਮਲ ਹੋਇਆ। ਇਨ੍ਹਾਂ ਪ੍ਰਵੇਸ਼ਾਂ ਨੇ ਬ੍ਰਿਕਸ ਦੀ ਭੂਗੋਲਿਕ ਅਤੇ ਆਰਥਿਕ ਪਹੁੰਚ ਨੂੰ ਮਹੱਤਵਪੂਰਨ ਤੌਰ 'ਤੇ ਵਧਾਇਆ। ਇਸ ਵਿਸਥਾਰ ਦੇ ਨਾਲ ਇੱਕ ਭਾਈਵਾਲ ਦੇਸ਼ ਸ਼੍ਰੇਣੀ ਦੀ ਸਿਰਜਣਾ ਵੀ ਹੋਈ। 2025 ਦੌਰਾਨ ਦਸ ਦੇਸ਼ ਇਸ ਢਾਂਚੇ ਵਿੱਚ ਸ਼ਾਮਲ ਹੋਏ: ਬੇਲਾਰੂਸ, ਬੋਲੀਵੀਆ, ਕਿਊਬਾ, ਕਜ਼ਾਕਿਸਤਾਨ, ਮਲੇਸ਼ੀਆ, ਨਾਈਜੀਰੀਆ, ਥਾਈਲੈਂਡ, ਯੂਗਾਂਡਾ, ਉਜ਼ਬੇਕਿਸਤਾਨ ਅਤੇ ਵੀਅਤਨਾਮ। ਲਗਾਤਾਰ ਸਿਖਰ ਸੰਮੇਲਨਾਂ ਵਿੱਚ, ਬ੍ਰਿਕਸ ਸਹਿਯੋਗ ਹੌਲੀ-ਹੌਲੀ ਰਣਨੀਤਕ ਗਲੋਬਲ ਮੁੱਦਿਆਂ ਅਤੇ ਵਿਹਾਰਕ ਸਹਿਯੋਗ ਦੇ ਖੇਤਰਾਂ ਨੂੰ ਸ਼ਾਮਲ ਕਰਨ ਲਈ ਫੈਲਿਆ ਹੈ। ਇਸਦਾ ਏਜੰਡਾ ਅੱਤਵਾਦ, ਜਲਵਾਯੂ ਪਰਿਵਰਤਨ, ਭੋਜਨ ਅਤੇ ਊਰਜਾ ਸੁਰੱਖਿਆ, ਵਪਾਰ ਅਤੇ ਖੇਤੀਬਾੜੀ ਨੂੰ ਕਵਰ ਕਰਦਾ ਹੈ। ਇਹ ਕਿਰਤ ਅਤੇ ਰੁਜ਼ਗਾਰ, ਦੂਰਸੰਚਾਰ, ਅੰਤਰਰਾਸ਼ਟਰੀ ਵਿੱਤ ਅਤੇ ਵਿਸ਼ਵ ਆਰਥਿਕ ਸਥਿਤੀ ਨੂੰ ਵੀ ਸੰਬੋਧਿਤ ਕਰਦਾ ਹੈ। ਬ੍ਰਿਕਸ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਵਧੇਰੇ ਪ੍ਰਤੀਨਿਧਤਾ ਅਤੇ ਇਕੁਇਟੀ ਦੀ ਵਕਾਲਤ ਕਰਦਾ ਹੈ, ਜਿਸ ਵਿੱਚ ਡਬਲਿਊਟੀਓ ਅਤੇ ਵਿਸ਼ਵ ਵਿੱਤੀ ਆਰਕੀਟੈਕਚਰ ਸ਼ਾਮਲ ਹਨ। ਇਹ ਯਤਨ ਵਿਸ਼ਵ ਸ਼ਾਸਨ ਨੂੰ ਵਧੇਰੇ ਸਮਾਵੇਸ਼ੀ, ਪ੍ਰਭਾਵਸ਼ਾਲੀ ਅਤੇ ਸਮਕਾਲੀ ਚੁਣੌਤੀਆਂ ਪ੍ਰਤੀ ਜਵਾਬਦੇਹ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ     ਵਾਹਿਗੁਰੂ ਜੀ ਕੀ ਫਤਹਿ




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

### ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

**ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।**

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਨਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

# 47ਵਾਂ ਸਾਲਾਨਾ ਮਹਾਨ ਨਗਰ ਕੀਰਤਨ




ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ, ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 4 ਸਤੰਬਰ, 2026 ਤੋਂ ਆਰੰਭ ਹੋ ਚੁੱਕੀ ਹੈ ਜੋ ਕਿ 1 ਨਵੰਬਰ, 2026 ਨੂੰ ਨਗਰ ਕੀਰਤਨ ਨਾਲ ਸਮਾਪਤ ਹੋਵੇਗੀ।

## ਪਹੁੰਚ ਰਹੇ ਜੱਥੇ ਅਤੇ ਪ੍ਰਚਾਰਕ

**ਕੀਰਤਨੀ ਜਥੇ**
- ਭਾਈ ਕਮਲਜੀਤ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
- ਭਾਈ ਮਨਿੰਦਰ ਸਿੰਘ ਜੀ, ਸ੍ਰੀ ਨਗਰ ਵਾਲੇ

**ਕਥਾ ਵਾਚਕ**
- ਭਾਈ ਗੁਰਦੀਪ ਸਿੰਘ ਕਪੂਰਥਲੇ ਵਾਲੇ

**ਢਾਡੀ**
- ਭਾਈ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਜਥਾ

## ਵਿਸ਼ੇਸ਼ ਕੀਰਤਨ ਸਮਾਗਮ

19 ਅਕਤੂਬਰ, 2026 ਦਿਨ ਸੋਮਵਾਰ ਤੋਂ ਰੋਜ਼ਾਨਾ ਸ਼ਾਮ ਦੇ 06:00 ਵਜੇ ਤੋਂ ਰਾਤ 10:00 ਵਜੇ ਤੱਕ ਕੀਰਤਨ ਦੀਵਾਨ ਆਰੰਭ ਹੋਣਗੇ ਜੀ।

ਇਸਤੋਂ ਇਲਾਵਾ ਹੋਰ ਕਈ ਉੱਚ ਕੋਟੀ ਦੇ ਰਾਗੀ ਅਤੇ ਢਾਡੀ ਅਤੇ ਕੀਰਤਨੀ ਜੱਥੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਤੇ ਕਥਾ ਵਿਚਾਰਾਂ ਨਾਲ ਗੁਰੂ ਦੀਆਂ ਸੰਗਤਾਂ ਨੂੰ ਨਿਹਾਲ ਕਰਨਗੇ |

**ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ**
ਅਕਤੂਬਰ 10, 2026 ਦਿਨ ਸ਼ਨੀਵਾਰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 09:30 ਹੋਵੇਗਾ ਜੀ

**ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ**
24 ਅਕਤੂਬਰ, 2026 ਦਿਨ ਸ਼ਨੀਵਾਰ ਨੂੰ ਸ਼ਾਮ 6:30 ਵਜੇ ਤੋਂ 10:00 ਵਜੇ ਤੱਕ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਾਏ ਜਾਣਗੇ ਜੀ

**ਰੈਣ ਸਬਾਈ ਕੀਰਤਨ**
31 ਅਕਤੂਬਰ, 2026 ਦਿਨ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6:00 ਵਜੇ ਤੋਂ ਰਾਤ 1:00 ਵਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

**ਆਤਿਸ਼ਬਾਜ਼ੀ**
30 ਅਕਤੂਬਰ, 2026 ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜ਼ੀ ਹੋਵੇਗੀ ਜੀ |

**ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜਥਾ**
12 ਅਕਤੂਬਰ, ਸੋਮਵਾਰ ਤੋਂ 17 ਅਕਤੂਬਰ, ਸ਼ਨੀਵਾਰ ਤੱਕ
ਸਮਾਂ: ਸ਼ਾਮ 8 ਵਜੇ ਤੋਂ 9:30 ਵਜੇ ਤੱਕ
›› 18 ਅਕਤੂਬਰ, ਐਤਵਾਰ ‹‹
ਸਮਾਂ: 12 ਵਜੇ ਤੋਂ 1:30 ਵਜੇ ਤੱਕ

**ਦਸਤਾਰ ਮੁਕਾਬਲੇ**
31 ਅਕਤੂਬਰ, ਸ਼ਨੀਵਾਰ ਸਵੇਰੇ 11 ਵਜੇ

**ਅੰਮ੍ਰਿਤ ਸੰਚਾਰ**
31 ਅਕਤੂਬਰ, 2026 ਨੂੰ ਦਿਨ ਸ਼ਨੀਵਾਰ ਸਵੇਰੇ 5:00 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ |

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ**
31 ਅਕਤੂਬਰ, 2026 ਦਿਨ ਸ਼ਨੀਵਾਰ ਸਵੇਰੇ 8:00 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਹੋਵੇਗੀ ਜੀ |

**ਸੈਮੀਨਾਰ**
31 ਅਕਤੂਬਰ, ਸ਼ਨੀਵਾਰ ਸਮਾਂ: 2 ਵਜੇ ਤੋਂ 4 ਵਜੇ ਤੱਕ

**ਭੋਗ ਅਤੇ ਕੀਰਤਨ ਸਮਾਗਮ**
1 ਨਵੰਬਰ, 2026 ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਜੀ ਅਤੇ ਉਪਰੰਤ ਕੀਰਤਨ ਸਮਾਗਮ ਅਰੰਭ ਹੋਵੇਗਾ ਜੀ |

**ਨਗਰ ਕੀਰਤਨ**
1 ਨਵੰਬਰ, 2026 ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 9:00 ਵਜੇ ਸ਼ੁਰੂ ਹੋ ਕੇ ਸ਼ਾਮ 4:00 ਵਜੇ ਗੁਰੂਦੁਆਰਾ ਸਾਹਿਬ ਪਹੁੰਚੇਗਾ | ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ ਜੀ |

**ਜ਼ਰੂਰੀ ਬੇਨਤੀ** ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰਾਂ ਸਮੇਤ ਆ ਕੇ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ |

ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨੀਯਤ ਜਗ੍ਹਾ 'ਤੇ ਹੀ ਕੀਤੀ ਜਾਵੇਗੀ ਜੀ, ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 :00 ਵਜੇ ਤੋਂ ਸ਼ਾਮ 6:30 ਤੱਕ ਫ਼ਰੀ ਬੱਸਾਂ ਦਾ ਪ੍ਰਬੰਧ ਹੋਵੇਗਾ ਅਤੇ ਸਕਿਉਰਿਟੀ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ ਜੀ ਅਤੇ ਦੁਕਾਨਾਂ ਦਾ ਬਜ਼ਾਰ ਪਿਛਲੇ ਸਾਲ ਵਾਲੀ ਜਗ੍ਹਾ ਤੇ ਹੀ ਹੋਵੇਗਾ ਜੀ |

ਬੇਨਤੀ ਕਰਤਾ : ਗੁਰੂ ਘਰ ਦੇ ਦਾਸ ਸਮੂਹ ਪ੍ਰਬੰਧਕ ਕਮੇਟੀ : ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਭਾਈ ਰਣਜੀਤ ਸਿੰਘ ਜੀ (ਹੈੱਡ ਗ੍ਰੰਥੀ ਯੂਬਾ ਸਿਟੀ) (530) 673-9918, (530) 799-6989
ਚੇਅਰਮੈਨ ਸ: ਦਿਲਬਾਗ ਸਿੰਘ ਜੀ ਬੈਂਸ (530) 682-9316, ਪ੍ਰਧਾਨ ਸ: ਸਰਬਜੀਤ ਸਿੰਘ ਜੀ ਥਿਆੜਾ (530) 682-5861
ਸੈਕਟਰੀ ਸ: ਤੇਜਿੰਦਰ ਸਿੰਘ ਜੀ ਦੋਸਾਂਝ (530) 751-6322, ਖਜ਼ਾਨਚੀ ਸ: ਹਰਨੇਕ ਸਿੰਘ ਜੀ (530) 682-8094


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਏਸ਼ੀਆਈ ਖੇਡਾਂ ਤੋਂ 10 ਦਿਨ ਪਹਿਲਾਂ ਜਾਪਾਨ 'ਚ ਹੜ੍ਹ

ਟੋਕੀਓ
ਸਾਂਝੀ ਸੋਚ ਬਿਊਰੋ

ਏਸ਼ੀਆਈ ਖੇਡਾਂ ਦੀ ਸ਼ੁਰੂਆਤ ਤੋਂ 10 ਦਿਨ ਪਹਿਲਾਂ ਜਾਪਾਨ ਦੇ ਨਾਗੋਯਾ ਸ਼ਹਿਰ ਵਿੱਚ ਭਾਰੀ ਹੜ੍ਹ ਆ ਗਿਆ। ਹਾਲਾਤ ਵਿਗੜਨ ਤੋਂ ਬਾਅਦ ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣ ਆਏ ਕਰੀਬ 400 ਖਿਡਾਰੀਆਂ ਅਤੇ ਸਪੋਰਟਸ ਸਟਾਫ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ। ਹੜ੍ਹ ਕਾਰਨ ਨਾਗੋਯਾ ਦੀਆਂ ਕਈ ਸੜਕਾਂ ਅਤੇ ਘਰ ਪਾਣੀ ਵਿੱਚ ਡੁੱਬ ਗਏ। ਬੱਸ ਅਤੇ ਮੈਟਰੋ ਸੇਵਾਵਾਂ ਵੀ ਕੁਝ ਸਮੇਂ ਲਈ ਪ੍ਰਭਾਵਿਤ ਰਹੀਆਂ। ਕਰੀਬ 3,500 ਲੋਕਾਂ ਨੇ ਐਮਰਜੈਂਸੀ ਸ਼ੈਲਟਰਾਂ ਵਿੱਚ ਸ਼ਰਨ ਲਈ। ਨਾਗੋਯਾ ਦੇ ਮੇਅਰ ਇਚਿਰੋ ਹੀਰੋਸਾਵਾ ਨੇ ਕਿਹਾ ਕਿ ਏਸ਼ੀਆਈ ਖੇਡਾਂ ਨੂੰ ਲੈ ਕੇ ਚਿੰਤਾ ਦੀ ਕੋਈ ਗੱਲ ਨਹੀਂ ਹੈ ਅਤੇ ਟੂਰਨਾਮੈਂਟ ਨਿਰਧਾਰਤ ਸਮੇਂ ਮੁਤਾਬਕ ਹੀ ਕਰਵਾਇਆ ਜਾਵੇਗਾ। ਨਾਗੋਯਾ ਵਿੱਚ ਏਸ਼ੀਆਈ ਖੇਡਾਂ ਦੀ ਓਪਨਿੰਗ ਸੈਰੇਮਨੀ 19 ਸਤੰਬਰ ਨੂੰ ਹੋਣੀ ਹੈ। ਖੇਡਾਂ 19 ਸਤੰਬਰ ਤੋਂ 4 ਅਕਤੂਬਰ ਤੱਕ ਨਾਗੋਯਾ ਅਤੇ ਆਈਚੀ ਵਿੱਚ ਕਰਵਾਈਆਂ ਜਾਣੀਆਂ ਹਨ। ਜਾਪਾਨੀ ਮੀਡੀਆ ਵੱਲੋਂ ਨਾਗੋਯਾ ਦੀਆਂ ਪਾਣੀ ਨਾਲ ਭਰੀਆਂ ਸੜਕਾਂ ਅਤੇ ਮੈਟਰੋ ਸਟੇਸ਼ਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ। ਰਿਪੋਰਟਾਂ ਮੁਤਾਬਕ ਏਸ਼ੀਆਈ ਖੇਡਾਂ ਦੇ ਕੁਝ ਵੇਨਿਊਜ਼ ਵਿੱਚ ਵੀ ਛੱਤਾਂ ਤੋਂ ਪਾਣੀ ਟਪਕਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਹਾਲਾਂਕਿ ਮੇਅਰ ਹੀਰੋਸਾਵਾ ਨੇ ਕਿਹਾ ਕਿ ਏਸ਼ੀਆਈ ਖੇਡਾਂ ਲਈ ਬਣਾਏ ਗਏ ਦਰਜਨਾਂ ਵੇਨਿਊਜ਼ ਨੂੰ ਕੋਈ ਗੰਭੀਰ ਨੁਕਸਾਨ ਨਹੀਂ ਹੋਇਆ। ਪ੍ਰਸ਼ਾਸਨ ਵੱਲੋਂ ਹਾਲਾਤ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।

# ਭਾਰਤੀ ਮਹਿਲਾ ਹਾਕੀ ਟੀਮ ਨੇ ਪਾਕਿਸਤਾਨ ਨੂੰ 19-0 ਨਾਲ ਹਰਾਇਆ

## ਜੂਨੀਅਰ ਏਸ਼ੀਆ ਕੱਪ ਦੇ ਸੈਮੀਫਾਈਨਲ ਵਿੱਚ ਕੀਤਾ ਪ੍ਰਵੇਸ਼

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਭਾਰਤ ਨੇ 2026 ਮਹਿਲਾ ਜੂਨੀਅਰ ਏਸ਼ੀਆ ਕੱਪ ਵਿੱਚ ਆਪਣੀ ਸਭ ਤੋਂ ਸ਼ਾਨਦਾਰ ਜਿੱਤਾਂ ਵਿੱਚੋਂ ਇੱਕ ਦਰਜ ਕਰਦਿਆਂ ਵੀਰਵਾਰ ਨੂੰ ਕੁਆਰਟਰ ਫਾਈਨਲ ਵਿੱਚ ਪਾਕਿਸਤਾਨ ਨੂੰ 19-0 ਨਾਲ ਕਰਾਰੀ ਮਾਤ ਦਿੱਤੀ। ਪਾਕਿਸਤਾਨੀ ਟੀਮ ਇੱਕ ਵੀ ਗੋਲ ਕਰਨ ਵਿੱਚ ਨਾਕਾਮ ਰਹੀ। ਮਹਿਲਾ ਜੂਨੀਅਰ ਹਾਕੀ ਵਿੱਚ ਇਹ ਭਾਰਤ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਨਾਲ ਟੀਮ ਲਗਾਤਾਰ ਤੀਜਾ ਮਹਾਂਦੀਪੀ ਖਿਤਾਬ ਜਿੱਤਣ ਤੋਂ ਸਿਰਫ਼ ਦੋ ਜਿੱਤਾਂ ਦੂਰ ਰਹਿ ਗਈ ਹੈ। ਮੌਜੂਦਾ ਚੈਂਪੀਅਨ ਭਾਰਤ ਨੇ ਵੀਰਵਾਰ ਨੂੰ ਕੁਆਰਟਰ ਫਾਈਨਲ ਵਿੱਚ ਪਾਕਿਸਤਾਨ ਨੂੰ ਹਰਾ ਕੇ ਜੂਨੀਅਰ ਏਸ਼ੀਆ ਕੱਪ ਦੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਭਾਰਤ ਨੇ ਪਹਿਲੇ ਅੱਧ ਵਿੱਚ 10 ਅਤੇ ਦੂਜੇ ਅੱਧ ਵਿੱਚ 9 ਗੋਲ ਕੀਤੇ। ਭਾਰਤ ਦੀ ਪੂਜਾ ਮਲਿਕ ਨੇ ਹੈਟ੍ਰਿਕ ਲਗਾਈ। ਸਾਨਿਕਾ ਚੰਦਰਕਾਂਤ ਮਾਨੇ, ਮਧੂ ਸਿਦਾਰ ਅਤੇ ਸੁਪਰੀਆ ਨੇ ਦੋ-ਦੋ ਗੋਲ ਕੀਤੇ। ਰੋਸ਼ਨੀ ਆਇੰਦ ਨੇ ਵੀ ਦੋ ਗੋਲ ਕੀਤੇ। ਮੌਜੂਦਾ ਚੈਂਪੀਅਨ ਭਾਰਤ ਨੂੰ ਗੋਲ ਦਾ ਖਾਤਾ ਖੋਲ੍ਹਣ ਲਈ ਸਿਰਫ਼ ਸੱਤ ਮਿੰਟ ਲੱਗੇ, ਜਦੋਂ ਪੂਜਾ ਸਾਹੂ ਨੇ ਗੋਲ ਕੀਤਾ। ਦੋ ਮਿੰਟ ਬਾਅਦ ਰੋਸ਼ਨੀ ਐਂਡ ਨੇ ਬੜ੍ਹਤ ਨੂੰ ਦੁੱਗਣਾ ਕਰ ਦਿੱਤਾ; ਇਸ ਤੋਂ ਬਾਅਦ ਭਾਰਤ ਨੇ ਲਗਾਤਾਰ ਹਮਲੇ ਕੀਤੇ, ਜਿਸ ਕਾਰਨ ਪਾਕਿਸਤਾਨੀ ਟੀਮ ਲਈ ਇਨ੍ਹਾਂ ਹਮਲਿਆਂ ਦੀ ਰਫ਼ਤਾਰ ਅਤੇ ਬਾਰੰਬਾਰਤਾ ਨੂੰ ਰੋਕਣਾ ਮੁਸ਼ਕਲ ਹੋ ਗਿਆ। ਭਾਰਤ ਨੇ ਅਗਲੇ ਪੰਜ ਮਿੰਟਾਂ ਵਿੱਚ ਚਾਰ ਹੋਰ ਗੋਲ ਕੀਤੇ। ਤਨੁਸ਼੍ਰੀ ਦਿਨੇਸ਼ ਕਾਡੂ ਅਤੇ ਸੁਖਵੀਰ ਕੌਰ ਨੇ ਕ੍ਰਮਵਾਰ 11ਵੇਂ ਅਤੇ 13ਵੇਂ ਮਿੰਟ ਵਿੱਚ ਗੋਲ ਕੀਤੇ, ਜਦਕਿ ਸਾਨਿਕਾ ਚੰਦਰਕਾਂਤ ਮਾਨੇ ਨੇ ਵੀ 13ਵੇਂ ਮਿੰਟ ਵਿੱਚ ਗੋਲ ਕੀਤਾ। ਇਸ ਤੋਂ ਬਾਅਦ ਮਧੂ ਸਿਦਾਰ ਅਤੇ ਗੀਤਾ ਯਾਦਵ ਨੇ ਬੜ੍ਹਤ ਵਧਾਈ ਅਤੇ ਫਿਰ ਮਾਨੇ ਨੇ 23ਵੇਂ ਮਿੰਟ ਵਿੱਚ ਆਪਣਾ ਦੂਜਾ ਗੋਲ ਕੀਤਾ। ਤਨੁਜਾ ਟੋਪੋ ਅਤੇ ਪੂਜਾ ਮਲਿਕ ਨੇ ਪਹਿਲੇ ਅੱਧ ਵਿੱਚ ਭਾਰਤ ਲਈ ਸਕੋਰਿੰਗ ਪੂਰੀ ਕੀਤੀ, ਜਦਕਿ ਪੂਰਨਿਮਾ ਯਾਦਵ ਦੇ 33ਵੇਂ ਮਿੰਟ ਦੇ ਗੋਲ ਨੇ ਇਹ ਯਕੀਨੀ ਬਣਾਇਆ ਕਿ ਟੀਮ 10-0 ਦੀ ਵੱਡੀ ਬੜ੍ਹਤ ਨਾਲ ਅੱਧੇ ਸਮੇਂ (ਇੰਟਰਵਲ) ਤੱਕ ਪਹੁੰਚੇ। ਖੇਡ ਦੁਬਾਰਾ ਸ਼ੁਰੂ ਹੋਣ ਤੋਂ ਬਾਅਦ ਵੀ ਭਾਰਤ ਦਾ ਦਬਦਬਾ ਬਣਿਆ ਰਿਹਾ। ਮਧੂ ਸਿਦਾਰ ਨੇ 39ਵੇਂ ਮਿੰਟ ਵਿੱਚ ਦੁਬਾਰਾ ਗੋਲ ਕੀਤਾ ਅਤੇ ਇੱਕ ਮਿੰਟ ਬਾਅਦ ਸੁਪਰੀਆ ਨੇ ਵੀ ਆਪਣਾ ਖਾਤਾ ਖੋਲ੍ਹਿਆ। ਇਸ ਤੋਂ ਬਾਅਦ ਪੂਜਾ ਮਲਿਕ ਨੇ 49ਵੇਂ ਅਤੇ 51ਵੇਂ ਮਿੰਟ ਵਿੱਚ ਗੋਲ ਕਰਕੇ ਆਪਣੀ ਹੈਟ੍ਰਿਕ ਪੂਰੀ ਕੀਤੀ।

# ਬੰਗਲਾਦੇਸ਼ ਫੌਜ ਦਾ ਚੀਨੀ ਟੈਂਕ ਫਾਇਰਿੰਗ ਅਭਿਆਸ ਦੌਰਾਨ ਫਟਿਆ, 2 ਜਵਾਨਾਂ ਦੀ ਮੌਤ

ਢਾਕਾ
ਸਾਂਝੀ ਸੋਚ ਬਿਊਰੋ



ਬੰਗਲਾਦੇਸ਼ ਦੇ ਚਟਗਾਂਵ ਵਿੱਚ ਬੁੱਧਵਾਰ ਨੂੰ ਫੌਜ ਦੇ ਫਾਇਰਿੰਗ ਅਭਿਆਸ ਦੌਰਾਨ ਚੀਨ ਵਿੱਚ ਬਣਿਆ ਟਾਈਪ-59 ਟੈਂਕ ਫਟ ਗਿਆ। ਹਾਦਸੇ ਵਿੱਚ ਟੈਂਕ ਦੇ ਅੰਦਰ ਮੌਜੂਦ 2 ਸੈਨਿਕਾਂ ਦੀ ਮੌਤ ਹੋ ਗਈ, ਜਦਕਿ ਇੱਕ ਫੌਜੀ ਅਧਿਕਾਰੀ ਗੰਭੀਰ ਜ਼ਖ਼ਮੀ ਹੋ ਗਿਆ। ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਡਾਇਰੈਕਟੋਰੇਟ ਮੁਤਾਬਕ ਸੈਨਿਕ ਟੈਂਕ ਤੋਂ ਫਾਇਰਿੰਗ ਅਭਿਆਸ ਕਰ ਰਹੇ ਸਨ, ਇਸ ਦੌਰਾਨ ਅਚਾਨਕ ਹਾਦਸਾ ਵਾਪਰ ਗਿਆ। ਜ਼ਖ਼ਮੀ ਅਧਿਕਾਰੀ ਨੂੰ ਬਿਹਤਰ ਇਲਾਜ ਲਈ ਢਾਕਾ ਦੇ ਕੰਬਾਈਂਡ ਮਿਲਟਰੀ ਹਸਪਤਾਲ ਲਿਜਾਇਆ ਜਾ ਰਿਹਾ ਹੈ। ਫੌਜ ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਟੈਂਕ ਫਟਣ ਦੇ ਕਾਰਨਾਂ ਬਾਰੇ ਕੋਈ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਹਾਦਸੇ ਵਿੱਚ ਸ਼ਾਮਲ ਟਾਈਪ-59 ਟੈਂਕ ਚੀਨ ਵਿੱਚ ਬਣਿਆ ਪੁਰਾਣਾ ਮੁੱਖ ਜੰਗੀ ਟੈਂਕ ਹੈ। ਬੰਗਲਾਦੇਸ਼ ਤੋਂ ਇਲਾਵਾ ਪਾਕਿਸਤਾਨ, ਈਰਾਨ ਅਤੇ ਉੱਤਰੀ ਕੋਰੀਆ ਸਮੇਤ ਕਈ ਦੇਸ਼ਾਂ ਦੀਆਂ ਫੌਜਾਂ ਵੀ ਇਸ ਟੈਂਕ ਦੀ ਵਰਤੋਂ ਕਰਦੀਆਂ ਹਨ। ਟਾਈਪ-59 ਨੂੰ ਚੀਨ ਵੱਲੋਂ ਵੱਡੀ ਗਿਣਤੀ ਵਿੱਚ ਤਿਆਰ ਕੀਤੇ ਗਏ ਸ਼ੁਰੂਆਤੀ ਮੁੱਖ ਜੰਗੀ ਟੈਂਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

# 11 ਤੋਂ 13 ਸਤੰਬਰ ਤੱਕ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਰੇਲ ਸੇਵਾਵਾਂ ਰਹਿਣਗੀਆਂ ਪ੍ਰਭਾਵਿਤ


ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਦਿੱਲੀ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਕਾਰਨ 11 ਤੋਂ 13 ਸਤੰਬਰ ਤੱਕ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਰੇਲ ਸੰਚਾਲਨ ਪ੍ਰਭਾਵਿਤ ਹੋਵੇਗਾ, ਜਿਸ ਨਾਲ ਸਟੇਸ਼ਨ 'ਤੇ ਰੇਲਗੱਡੀਆਂ ਦੀ ਆਵਾਜਾਈ 'ਤੇ ਅਸਰ ਪਵੇਗਾ। ਰੇਲਵੇ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਯਾਤਰਾ ਕਰਨ ਤੋਂ ਪਹਿਲਾਂ ਆਪਣੀਆਂ ਰੇਲਗੱਡੀਆਂ ਦੀ ਸਥਿਤੀ ਅਤੇ ਸਮਾਂ-ਸਾਰਣੀ ਦੀ ਜਾਂਚ ਕਰ ਲੈਣ।
ਰੇਲਵੇ ਅਨੁਸਾਰ, ਰੱਦ ਕੀਤੀਆਂ ਗਈਆਂ ਰੇਲਗੱਡੀਆਂ ਤੋਂ ਇਲਾਵਾ, ਇਸ ਸਮੇਂ ਦੌਰਾਨ ਕੁਝ ਰੇਲਗੱਡੀਆਂ ਨੂੰ ਅਧੂਰੇ ਰਸਤੇ ਵਿੱਚ ਹੀ ਰੋਕ ਦਿੱਤਾ ਗਿਆ ਹੈ ਜਾਂ ਉਨ੍ਹਾਂ ਦੇ ਰਸਤੇ ਬਦਲ ਦਿੱਤੇ ਗਏ ਹਨ। ਕੁੱਲ ਅੱਠ ਰੇਲਗੱਡੀਆਂ ਦੇ ਰਸਤੇ ਬਦਲੇ ਗਏ ਹਨ, ਜਿਨ੍ਹਾਂ ਵਿੱਚ ਨਵੀਂ ਦਿੱਲੀ-ਰਾਂਚੀ ਰਾਜਧਾਨੀ ਐਕਸਪ੍ਰੈਸ ਵੀ ਸ਼ਾਮਲ ਹੈ। ਰੇਲਵੇ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 139 'ਤੇ ਸੰਪਰਕ ਕਰਨ ਜਾਂ ਐਨਟੀਈਐਸ (ਨੈਸ਼ਨਲ ਟਰੇਨ ਇਨਕੁਆਰੀ ਸਿਸਟਮ) ਦੀ ਜਾਂਚ ਕਰਨ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਟੇਸ਼ਨ ਪਹੁੰਚਣ ਤੋਂ ਪਹਿਲਾਂ ਆਪਣੀ ਰੇਲਗੱਡੀ ਦੀ ਸਥਿਤੀ ਅਤੇ ਕਿਸੇ ਵੀ ਸੰਭਾਵੀ ਬਦਲਾਅ ਬਾਰੇ ਜਾਣਕਾਰੀ ਲੈ ਲੈਣ। ਇਹ ਰੁਕਾਵਟਾਂ ਹਫਤੇ ਦੇ ਅੰਤ ਤੱਕ ਜਾਰੀ ਰਹਿਣਗੀਆਂ, ਜਿਸ ਨਾਲ 11 ਸਤੰਬਰ (ਸ਼ੁੱਕਰਵਾਰ) ਤੋਂ 13 ਸਤੰਬਰ (ਐਤਵਾਰ) ਤੱਕ ਚੱਲਣ ਵਾਲੀਆਂ ਰੇਲਗੱਡੀਆਂ ਪ੍ਰਭਾਵਿਤ ਹੋਣਗੀਆਂ। ਜ਼ਿਕਰਯੋਗ ਹੈ ਕਿ 18ਵਾਂ ਬ੍ਰਿਕਸ ਸੰਮੇਲਨ 12 ਅਤੇ 13 ਸਤੰਬਰ, 2026 ਨੂੰ ਦਿੱਲੀ ਦੇ ਭਾਰਤ ਮੰਡਪਮ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਾਲ ਬ੍ਰਿਕਸ ਦੀ ਪ੍ਰਧਾਨਗੀ ਭਾਰਤ ਕੋਲ ਹੈ।

# ਡੀ ਐਨ ਏ ਡੇਟਾ ਨਾਲ ਛੇੜਛਾੜ ਕਰਨ ਦੇ ਦੋਸ਼ 'ਚ 10 ਸਾਲ ਦੀ ਕੈਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਕੋਲੋਰਾਡੋ ਦੇ ਸਾਬਕਾ ਅਪਰਾਧ ਵਿਸ਼ਲੇਸ਼ਕ ਨੂੰ ਡੀ ਐਨ ਏ ਡੇਟਾ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈਙ ਕੋਲੋਰਾਡੋ ਬਿਊਰੋ ਆਫ਼ ਇਨਵੈਸਟੀਗੇਸ਼ਨ ਦੀ ਸਾਬਕਾ ਫੋਰੈਂਸਿਕ ਵਿਸ਼ਲੇਸ਼ਕ ਯਵੋਨ ਮਿਸਸੀ ਵੁੱਡਸ ਅਦਾਲਤ ਵਿਚ ਨਿੱਜੀ ਬਿਆਨ ਦੇਣ ਸਮੇ ਰੋ ਪਈਙ ਅਧਿਕਾਰੀਆਂ ਨੇ ਕਿਹਾ ਕਿ ਡੀ ਐਨ ਏ ਡੇਟਾ ਨਾਲ ਛੇੜਛਾੜ ਨੇ ਸੈਂਕੜੇ ਅਪਰਾਧਿਕ ਮਾਮਲਿਆਂ ਦੀ ਵੈਧਤਾ ਬਾਰੇ ਸਵਾਲ ਖੜੇ ਕੀਤੇ ਹਨ ਙ ਵੁੱਡਸ ਨੇ ਜੂਨ ਵਿੱਚ ਝੂਠ ਬੋਲਣ, ਇੱਕ ਜਨਤਕ ਅਧਿਕਾਰੀ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ, ਜਾਅਲਸਾਜ਼ੀ ਕਰਨ ਅਤੇ ਸਾਈਬਰ ਅਪਰਾਧ ਕਰਨ ਦੇ ਦੋਸ਼ ਮੰਨ ਲਏ ਸਨਙ ਉਸ ਨੂੰ ਕੋਲੋਰਾਡੋ ਦੇ ਗੋਲਡਨ ਵਿੱਚ ਸਟੇਟ ਜ਼ਿਲਾ ਜੱਜ ਐਂਡਰਿਊ ਪੋਲੈਂਡ ਨੇ ਸਜਾ ਸੁਣਾਈ।



# 47TH ANNUAL MAHAN NAGAR KIRTAN

## Dedicated to Guru Granth Sahib's Gurgaddi Divas



*Waheguru Ji Ka Khalsa Shri Waheguru ji Ki Fateh*

Jugo Jug Attal Dhan Dhan Sahib Guru Maanyon Granth Day dedicated to the Gurgaddi Day of Sri Guru Granth Sahib ji is going to be held on 2rd November, 2025 Sunday at Sikh Temple Gurdwara Sahib Yuba City with great devotion and enthusiasm.

Sikh Temple Gurdwara Sahib Yuba City's 47th Annual Mahan Nagar Kirtan and Gurmati Samagam is going to be held on Sunday, November 1, 2026 with great devotion and enthusiasm with the support of the Sangat.

**The series of Sri Akhand Path Sahib Ji started from September 4, 2026 which will end with Nagar Kirtan on November 1, 2026**

### Arriving Ragi Jathe and Preachers

**Kirtani Jathe**
- BHAI KAMALJIT SINGH JI, HAZURI RAGI, SRI DARBAR SAHIB
- BHAI MANINDER SINGH JI, SRINAGAR WALE

**Kathavachak**
- BHAI GURDEEP SINGH KAPURTHALA WALE

**Dhadi**
- BHAI SUKHWINDER SINGH ANMOL JI AND JATHA

### Special Kirtan Event

Will be Held from
19TH October, 2026 (Monday)
from 6:00pm to 10:00pm Daily.

**Apart from this, many other Raggi and Dhaadi and Kirtani groups will delight the Guru's followers with KIRTAN & katha thoughts.**

**CHILDREN'S SPECIAL KIRTAN DARBAR**
On 10th October 2026 (SATURDAY) from 6:30pm to 9:30pm

**SPECIAL DHADI DIWAN & MARTYRDOM DIWAS**
On 24th October 2026 (SATURDAY) from 6:30 pm to 10:00 pm

**RIAAN SABAI KIRTAN**
On 31st October 2026 (SATURDAY) from 6 pm to 1:00 am in which famous Kirtanis will mesmerize the Discaples with thier hymes.

**FIREWORKS**
On 30st October 2026 (Friday) Display at 8:00 pm

**BHAI MEHAL SINGH JI DA KAVISHARI JATHA**
12 October, Monday to 17 October, Saturday Time: 8:00 PM to 9:30 PM
18 October, Sunday, Time: 12:00 PM to 1:30 PM

**DASTAR COMPETITION**
31st October, Saturday Time: 11:00 AM

**AMRIT SANCHAR**
On 31st October 2026 (SATURDAY) at 5:00 am

**SEWA OF NISHAN SAHIB**
On 31st October 2026 (SATURDAY) at 8:00 am

**SEMINAR**
31st October, Saturday Time: 2:00 PM to 4:00 PM

**BHOG & KIRTAN CEREMONY**
On 1st November 2026 (SUNDAY) at 7:30 Morning Sri Akhand Path Sahib ji Will be Worshipped after which The Kirtan Ceremony will begin

**NAGAR KIRTAN**
Will be held On 1st November 2026 (SUNDAY) under the Auspice of Shri Guru Granth Sahib ji starting at 9:00am and will end up at 4:00pm after reaching Gurudwara Sahib

**REQUEST** All Guru Nanak Naam Sangat are requested to leave all their work and attend Nagar Kirtan and Attain the Happiness of the Guru Ji

The route of Nagar Kirtan will be the Same as last year, Parking of Vehicles will be done only at the Designated place Free buses will be arranged from River Valley High School to Guru Ghar from 08:00 am to 06:30 pm Special Arrangements have been made for security and the shop market will be held at the same Place a last year.

**Requester: Gurudwara Sahib Management Committee Contact for More Information**

Bhai Ranjit Singh Ji (Head Granthi Yuba City) (530) 673-9918, (530) 799-6989,
Chairman S: Dilbagh Singh Ji Bains (530) 682-9316, President: Sarabjit Singh ji Thiara (530) 682-5861,
Secretary: Tejinder Singh Ji Dosanjh (530) 751-6322, Treasurer: Harnek Singh (530) 682-8094

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ




# ਗੁਰਦੁਆਰਾ ਸਾਹਿਬ San Jose

**ਗੁਰਦੁਆਰਾ ਸਾਹਿਬ ਸੈਨ ਹੋਜੇ ਵੱਲੋਂ ਸਤੰਬਰ ਮਹੀਨੇ ਵਿੱਚ ਸੰਗਤਾਂ ਲਈ ਵਿਸ਼ੇਸ਼ ਧਾਰਮਿਕ, ਗੁਰਮਤਿ ਅਤੇ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਈ ਜਾ ਰਹੀ ਹੈ।**

### ਜਪੁਜੀ ਸਾਹਿਬ ਕਥਾ ਅਤੇ ਗੁਰਮਤਿ ਵਿਚਾਰ

31 ਅਗਸਤ ਤੋਂ 27 ਸਤੰਬਰ ਤੱਕ
ਗਿਆਨੀ ਲਖਵਿੰਦਰ ਸਿੰਘ ਜੀ ਵੱਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਰਾਹੀਂ ਸ੍ਰੀ ਜਪੁਜੀ ਸਾਹਿਬ ਦੀ ਕਥਾ ਅਤੇ ਗੁਰਮਤਿ ਵਿਚਾਰ ਕੀਤਾ ਜਾਵੇਗਾ।

### ਵਿਸ਼ੇਸ਼ ਗੁਰਬਾਣੀ ਕੀਰਤਨ

2 ਤੋਂ 7 ਸਤੰਬਰ
ਭਾਈ ਗੁਰਮੇਲ ਸਿੰਘ ਜੀ ( ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ) ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ ਦੀ ਸੇਵਾ।

### 2nd Annual Volleyball Tournament

5 ਸਤੰਬਰ 2026
ਗੁਰਦੁਆਰਾ ਸਾਹਿਬ ਸੈਨ ਹੋਜੇ ਅਤੇ ਸਾਂਤਾ ਕਲਾਰਾ ਵਾਲੀਬਾਲ ਕਲੱਬ ਵੱਲੋਂ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਸ਼ਹਾਦਤ ਨੂੰ ਸਮਰਪਿਤ।

### ਸ਼ਹੀਦੀ ਸਮਾਗਮ

6 ਸਤੰਬਰ 2026
ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਦੀ ਯਾਦ ਨੂੰ ਸਮਰਪਿਤ ਗੁਰਬਾਣੀ ਕੀਰਤਨ, ਕਥਾ ਅਤੇ ਵਿਸ਼ੇਸ਼ ਵਿਚਾਰ।

### ਸੰਗਤ ਰੂਪੀ ਜਪੁਜੀ ਸਾਹਿਬ ਪਾਠ

6, 20 ਅਤੇ 27 ਸਤੰਬਰ
ਦੁਪਹਿਰ 12:20 ਤੋਂ 1:00 ਵਜੇ ਤੱਕ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ

12 ਸਤੰਬਰ 2026

### ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਗੱਦੀ ਦਿਵਸ ਨੂੰ ਸਮਰਪਿਤ

13 ਸਤੰਬਰ 2026 ਨੂੰ
ਕੀਰਤਨ, ਕਥਾ ਅਤੇ ਗੁਰਮਤਿ ਵਿਚਾਰ ਦਾ ਪ੍ਰੋਗਰਾਮ।

### ਸਨਮਾਨਿਤ ਪ੍ਰੋਗਰਾਮ

13 ਸਤੰਬਰ
ਨੂੰ ਹੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਜੀ ਦੀ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਲੰਬੀ ਸੇਵਾ ਅਤੇ ਸੰਘਰਸ਼ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

### 8th Annual Raag Kirtan Darbar

11 ਤੋਂ 13 ਸਤੰਬਰ 2026
ਵੱਖ-ਵੱਖ ਰਾਗੀ ਜਥਿਆਂ ਵੱਲੋਂ ਹਾਜ਼ਰੀ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਸੁੰਦਰ ਉਪਰਾਲਾ।

### ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ

24 ਸਤੰਬਰ 2026










**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ ਉਹ ਆਪਣਾ ਟਰੱਕ ਵੀ ਨਹੀਂ ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance




Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਬੰਗਲਾਦੇਸ਼ ਵਿੱਚ ਖਸਰੇ ਦੇ ਫੈਲਣ ਕਾਰਨ ਤਿੰਨ ਹੋਰ ਲੋਕਾਂ ਦੀ ਮੌਤ: ਮੌਤਾਂ ਦੀ ਗਿਣਤੀ 1000 ਤੋਂ ਪਾਰ

ਢਾਕਾ
ਸਾਂਝੀ ਸੋਚ ਬਿਊਰੋ

ਸਥਾਨਕ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, ਬੰਗਲਾਦੇਸ਼ ਵਿੱਚ ਖਸਰੇ ਦੇ ਬੇਮਿਸਾਲ ਪ੍ਰਕੋਪ ਦੌਰਾਨ ਬੁੱਧਵਾਰ ਨੂੰ ਇਸ ਬਿਮਾਰੀ ਦੇ ਲੱਛਣਾਂ ਕਾਰਨ ਤਿੰਨ ਹੋਰ ਬੱਚਿਆਂ ਦੀ ਮੌਤ ਹੋ ਗਈ, ਜਿਸ ਨਾਲ ਇਸ ਸਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 1002 ਹੋ ਗਈ ਹੈ। ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ ਦੇ ਅਨੁਸਾਰ, ਇਹ ਮੌਤਾਂ ਬੁੱਧਵਾਰ ਸਵੇਰ ਤੋਂ ਪਹਿਲਾਂ ਦੇ 24 ਘੰਟਿਆਂ ਦੌਰਾਨ ਦਰਜ ਕੀਤੀਆਂ ਗਈਆਂ ਸਨ। ਬੰਗਲਾਦੇਸ਼ੀ ਮੀਡੀਆ ਅਦਾਰੇ ਯੂਐਨਬੀ ਦੀ ਰਿਪੋਰਟ ਮੁਤਾਬਕ, ਇਸ ਬਿਮਾਰੀ ਨਾਲ ਹੋਈਆਂ ਤਾਜ਼ਾ ਤਿੰਨ ਮੌਤਾਂ ਨੂੰ 'ਸ਼ੱਕੀ' (ਸੰਭਾਵਿਤ ਖਸਰੇ ਕਾਰਨ ਹੋਈਆਂ) ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਜਿੱਥੇ ਖਸਰੇ ਨਾਲ ਹੋਈਆਂ ਪੁਸ਼ਟੀਸ਼ੁਦਾ ਮੌਤਾਂ ਦੀ ਗਿਣਤੀ 100 'ਤੇ ਸਥਿਰ ਰਹੀ, ਉੱਥੇ ਹੀ ਸ਼ੱਕੀ ਮੌਤਾਂ ਦੀ ਕੁੱਲ ਗਿਣਤੀ ਵਧ ਕੇ 902 ਹੋ ਗਈ ਹੈ। ਡੀਜੀਐਚਐਸ ਨੇ 24 ਘੰਟਿਆਂ ਦੀ ਮਿਆਦ ਦੌਰਾਨ ਖਸਰੇ ਦੇ ਕੁੱਲ 1,119 ਨਵੇਂ ਸ਼ੱਕੀ ਮਾਮਲੇ ਦਰਜ ਕੀਤੇ, ਜਿਸ ਨਾਲ ਸ਼ੱਕੀ ਮਾਮਲਿਆਂ ਦੀ ਕੁੱਲ ਗਿਣਤੀ 167,580 ਹੋ ਗਈ ਹੈ। ਇਸ ਤੋਂ ਇਲਾਵਾ, ਇਸੇ ਸਮੇਂ ਦੌਰਾਨ 69 ਨਵੇਂ ਪੁਸ਼ਟੀਸ਼ੁਦਾ ਮਾਮਲੇ ਸਾਹਮਣੇ ਆਏ, ਜਿਸ ਨਾਲ ਕੁੱਲ ਗਿਣਤੀ 19,904 ਹੋ ਗਈ। ਜਨਤਕ ਸਿਹਤ ਮਾਹਿਰਾਂ ਅਨੁਸਾਰ, ਟੀਕਾਕਰਨ ਦੀ ਨਾਕਾਫ਼ੀ ਕਵਰੇਜ ਅਤੇ ਪ੍ਰਭਾਵਸ਼ਾਲੀ ਰੋਕਥਾਮ ਉਪਾਵਾਂ ਦੀ ਘਾਟ ਨੇ ਇਸ ਸਥਿਤੀ ਨੂੰ ਗੰਭੀਰ ਬਣਾਇਆ ਹੈ, ਜਿਸ ਕਾਰਨ ਛੇ ਮਹੀਨਿਆਂ ਤੋਂ ਘੱਟ ਉਮਰ ਦੇ ਬੱਚੇ ਖਸਰੇ ਦੇ ਖਤਰੇ ਦੀ ਵਧੇਰੇ ਮਾਰ ਹੇਠ ਹਨ। ਬੰਗਲਾਦੇਸ਼ ਦੇ ਪ੍ਰਮੁੱਖ ਅਖਬਾਰ 'ਦ ਡੇਲੀ ਸਟਾਰ' ਦੀ ਰਿਪੋਰਟ ਮੁਤਾਬਕ, ਸਿਹਤ ਅਧਿਕਾਰੀਆਂ ਨੇ ਟੀਕਾਕਰਨ ਕਵਰੇਜ ਵਿੱਚ ਕਮੀਆਂ ਨੂੰ ਮੰਨਿਆ ਹੈ। ਉਨ੍ਹਾਂ ਕਿਹਾ ਕਿ ਵਾਧੂ



ਟੀਕੇ ਮੰਗਵਾਏ ਜਾ ਰਹੇ ਹਨ ਅਤੇ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਤੱਕ ਪਹੁੰਚਣ ਲਈ ਇੱਕ ਛੋਟੀ ਪਰ ਵਿਆਪਕ ਮੁਹਿੰਮ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਮਹਾਮਾਰੀ ਵਿਗਿਆਨੀ ਪ੍ਰੋਫੈਸਰ ਮਹਿਮੂਦੁਰ ਰਹਿਮਾਨ, ਜੋ ਖਸਰਾ ਅਤੇ ਰੁਬੈਲਾ ਖਾਤਮੇ ਲਈ ਰਾਸ਼ਟਰੀ ਤਸਦੀਕ ਕਮੇਟੀ ਦੀ ਪ੍ਰਧਾਨਗੀ ਵੀ ਕਰਦੇ ਹਨ, ਨੇ ਕਿਹਾ ਕਿ ਸਰਕਾਰ ਨੂੰ ਸਭ ਤੋਂ ਪਹਿਲਾਂ ਨਿਗਰਾਨੀ ਅਤੇ ਟੀਕਾਕਰਨ ਦੇ ਅੰਕੜਿਆਂ ਦੀ ਜਾਂਚ ਕਰਨ ਅਤੇ ਕਵਰੇਜ ਵਿੱਚ ਕਮੀਆਂ ਦੀ ਪਛਾਣ ਕਰਨ ਲਈ ਇੱਕ ਮਾਹਰ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਇਹ ਕਮੀਆਂ ਭੂਗੋਲਿਕ, ਉਮਰ-ਵਿਸ਼ੇਸ਼ ਜਾਂ ਸਮਾਜਿਕ-ਆਰਥਿਕ ਹੋ ਸਕਦੀਆਂ ਹਨ। ਉਨ੍ਹਾਂ ਨੇ ਉਨ੍ਹਾਂ ਖੇਤਰਾਂ ਵਿੱਚ ਵਿਸ਼ੇਸ਼ ਉਪਾਅ ਕਰਨ 'ਤੇ ਜ਼ੋਰ ਦਿੱਤਾ ਜਿੱਥੇ ਟੀਕਾਕਰਨ ਦੀ “ਮਹਾਮਾਰੀ ਦੇ ਸ਼ੁਰੂ ਤੋਂ ਹੀ, ਅਸੀਂ ਜਨਤਕ ਸਿਹਤ ਉਪਾਵਾਂ ਨੂੰ ਢੁਕਵੇਂ ਢੰਗ ਨਾਲ ਲਾਗੂ ਨਹੀਂ ਕੀਤਾ ਹੈ। ਹੁਣ ਸਾਨੂੰ ਅਜਿਹਾ ਕਰਨਾ ਪਵੇਗਾ ਕਿਉਂਕਿ ਮਾਮਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ,” ਰਹਿਮਾਨ ਨੇ ਕਿਹਾ। ਹਾਲ ਹੀ ਵਿੱਚ, ਇੱਕ ਪ੍ਰਮੁੱਖ ਅੰਤਰਰਾਸ਼ਟਰੀ ਵਕਾਲਤ ਸਮੂਹ ਨੇ 2026 ਵਿੱਚ ਫੈਲੀ ਖਸਰੇ ਦੀ ਮਹਾਮਾਰੀ ਨੂੰ ਬੰਗਲਾਦੇਸ਼ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਭੈੜੇ ਜਨਤਕ ਸਿਹਤ ਸੰਕਟਾਂ ਵਿੱਚੋਂ ਇੱਕ ਦੱਸਿਆ ਹੈ, ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਟੀਕਾਕਰਨ ਰਾਹੀਂ ਇਸ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਕੈਨੇਡਾ-ਅਧਾਰਤ 'ਗਲੋਬਲ ਸੈਂਟਰ ਫਾਰ ਡੈਮੋਕਰੇਟਿਕ ਗਵਰਨੈਂਸ ਨੇ ਆਪਣੀ ਰਿਪੋਰਟ 'ਪ੍ਰੀਵੈਂਟੇਬਲ ਟ੍ਰੈਜਡੀ: ਬੰਗਲਾਦੇਸ਼ਜ਼ 2026 ਮੀਜ਼ਲਜ਼ ਆਊਟਬ੍ਰੇਕ' (ਰੋਕਣਯੋਗ ਤ੍ਰਾਸਦੀ: ਬੰਗਲਾਦੇਸ਼ ਵਿੱਚ 2026 ਦੀ ਖਸਰੇ ਦੀ ਮਹਾਮਾਰੀ) ਵਿੱਚ ਕਿਹਾ ਹੈ ਕਿ ਹਾਲਾਂਕਿ ਜਨਤਾ ਲਈ ਖਸਰੇ ਦਾ ਇਹ ਪ੍ਰਕੋਪ ਅਚਾਨਕ ਜਾਪਦਾ ਸੀ, ਪਰ “ਮਹਾਮਾਰੀ-ਵਿਗਿਆਨਕ ਦ੍ਰਿਸ਼ਟੀਕੋਣ” ਤੋਂ ਇਹ ਕੋਈ ਅਣਕਿਆਸੀ ਘਟਨਾ ਨਹੀਂ ਸੀ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਹ ਸੰਕਟ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਸਾਬਕਾ ਅੰਤਰਿਮ ਸਰਕਾਰ ਦੇ ਕਾਰਜਕਾਲ ਦੌਰਾਨ 2024-2025 ਵਿੱਚ ਟੀਕਿਆਂ ਦੀ ਸਪਲਾਈ ਅਤੇ ਸਿਹਤ ਪ੍ਰੋਗਰਾਮਾਂ ਵਿੱਚ ਆਈਆਂ ਰੁਕਾਵਟਾਂ ਕਾਰਨ ਪੈਦਾ ਹੋਇਆ ਸੀ। ਇਸ ਦੇ ਨਾਲ ਹੀ, ਰੁਟੀਨ ਟੀਕਾਕਰਨ ਤੋਂ ਖੁੰਝ ਜਾਣ, ਨਿਰਧਾਰਤ ਵਾਧੂ ਟੀਕਾਕਰਨ ਪ੍ਰੋਗਰਾਮਾਂ ਨੂੰ ਰੱਦ ਕਰਨ, ਟੀਕਿਆਂ ਦੀ ਖਰੀਦ ਵਿੱਚ ਪ੍ਰਸ਼ਾਸਨਿਕ ਦੇਰੀ ਅਤੇ ਜੋਖਮ ਵਾਲੀ ਆਬਾਦੀ ਦੀ ਤੁਰੰਤ ਪਛਾਣ ਕਰਨ ਵਿੱਚ ਅਸਫਲਤਾ ਵੀ ਇਸ ਸੰਕਟ ਦਾ ਕਾਰਨ ਬਣੇ।

# ਕੈਲੀਫੋਰਨੀਆ ਦੇ ਵੋਟਰ 3 ਨਵੰਬਰ ਨੂੰ 14 ਵੱਡੇ ਪ੍ਰਸਤਾਵਾਂ 'ਤੇ ਕਰਨਗੇ ਫ਼ੈਸਲਾ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਵਿਚ 3 ਨਵੰਬਰ 2026 ਨੂੰ ਆਮ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਾਰ ਵੋਟਰ ਸਿਰਫ਼ ਉਮੀਦਵਾਰਾਂ ਨੂੰ ਹੀ ਵੋਟ ਨਹੀਂ ਪਾਉਣਗੇ, ਸਗੋਂ 14 ਵੱਖ-ਵੱਖ ਪ੍ਰਸਤਾਵਾਂ ਬਾਰੇ ਵੀ ਆਪਣੀ ਰਾਏ ਦੇਣਗੇ। ਇਹ ਪ੍ਰਸਤਾਵ ਘਰਾਂ, ਟੈਕਸਾਂ, ਸਰਕਾਰੀ ਖ਼ਰਚੇ, ਸਿਹਤ, ਚੋਣ ਪ੍ਰਣਾਲੀ ਅਤੇ ਹੋਰ ਲੋਕਾਂ ਨਾਲ ਸਬੰਧਤ ਮੁੱਦਿਆਂ ਬਾਰੇ ਹਨ। ਇਨ੍ਹਾਂ ਵਿਚੋਂ ਕੁਝ ਪ੍ਰਸਤਾਵ ਘਰ ਖਰੀਦਣ ਅਤੇ ਸਸਤੇ ਮਕਾਨ ਬਣਾਉਣ ਨਾਲ ਜੁੜੇ ਹਨ। ਇੱਕ ਪ੍ਰਸਤਾਵ ਤਹਿਤ ਕਿਫ਼ਾਇਤੀ ਘਰਾਂ ਅਤੇ ਸਾਬਕਾ ਫ਼ੌਜੀਆਂ ਲਈ ਵੱਡੀ ਰਕਮ ਦੇ ਬਾਂਡ ਜਾਰੀ ਕਰਨ ਦੀ ਗੱਲ ਕੀਤੀ ਗਈ ਹੈ। ਇੱਕ ਹੋਰ ਪ੍ਰਸਤਾਵ ਮੱਧ ਵਰਗ ਦੇ ਲੋਕਾਂ ਨੂੰ ਨਵਾਂ ਘਰ ਖਰੀਦਣ ਲਈ ਕਰਜ਼ਾ ਦੇਣ ਵਾਲਾ ਪ੍ਰੋਗਰਾਮ ਬਣਾਉਣ ਨਾਲ ਸਬੰਧਤ ਹੈ। ਕੁਝ ਪ੍ਰਸਤਾਵ ਟੈਕਸਾਂ ਬਾਰੇ ਹਨ। ਇੱਕ ਪ੍ਰਸਤਾਵ ਉੱਚ ਆਮਦਨ ਵਾਲੇ ਲੋਕਾਂ ਉੱਤੇ ਲੱਗੇ ਵਾਧੂ ਟੈਕਸ ਨੂੰ ਜਾਰੀ ਰੱਖਣ ਦੀ ਗੱਲ ਕਰਦਾ ਹੈ। ਇੱਕ ਹੋਰ ਪ੍ਰਸਤਾਵ ਬਹੁਤ ਜ਼ਿਆਦਾ ਦੌਲਤ ਵਾਲੇ ਲੋਕਾਂ ਉੱਤੇ ਇਕ ਵਾਰ ਲਈ ਵਾਧੂ ਟੈਕਸ ਲਗਾਉਣ ਨਾਲ ਸਬੰਧਤ ਹੈ। ਕੁਝ ਪ੍ਰਸਤਾਵ ਇਹ



ਵੀ ਤੈਅ ਕਰਨਗੇ ਕਿ ਸਰਕਾਰ ਨਵੇਂ ਟੈਕਸ ਕਿਵੇਂ ਲਗਾ ਸਕਦੀ ਹੈ ਅਤੇ ਉਹ ਪੈਸਾ ਕਿੱਥੇ ਖ਼ਰਚਿਆ ਜਾਵੇ। ਚੋਣ ਪ੍ਰਣਾਲੀ ਨਾਲ ਜੁੜੇ ਪ੍ਰਸਤਾਵ ਵੀ ਵੋਟਰਾਂ ਦੇ ਸਾਹਮਣੇ ਹੋਣਗੇ। ਇੱਕ ਪ੍ਰਸਤਾਵ ਵੋਟ ਪਾਉਣ ਵੇਲੇ ਪਛਾਣ ਅਤੇ ਨਾਗਰਿਕਤਾ ਦੀ ਜਾਂਚ ਨੂੰ ਹੋਰ ਸਖ਼ਤ ਕਰਨ ਦੀ ਗੱਲ ਕਰਦਾ ਹੈ। ਇੱਕ ਹੋਰ ਪ੍ਰਸਤਾਵ ਚੋਣ ਮੁਹਿੰਮਾਂ ਵਿੱਚ ਸਰਕਾਰੀ ਪੈਸੇ ਦੀ ਵਰਤੋਂ ਨਾਲ ਸਬੰਧਤ ਹੈ। ਸਿਹਤ ਦੇ ਖੇਤਰ ਵਿਚ ਵੀ ਕੁਝ ਪ੍ਰਸਤਾਵ ਹਨ। ਇੱਕ ਪ੍ਰਸਤਾਵ ਮੈਡੀਕਲ ਖੋਜ ਲਈ ਵੱਡੀ ਰਕਮ ਦੇ ਬਾਂਡ ਜਾਰੀ ਕਰਨ ਬਾਰੇ ਹੈ, ਜਦਕਿ ਇੱਕ ਹੋਰ ਪ੍ਰਸਤਾਵ ਕਮਿਊਨਿਟੀ ਸਿਹਤ ਕਲੀਨਿਕਾਂ ਦੇ ਪੈਸੇ ਦੀ ਵਰਤੋਂ ਲਈ ਨਵੇਂ ਨਿਯਮ ਲਿਆ ਸਕਦਾ ਹੈ। ਵੋਟਰਾਂ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਉਹ ਹਰ ਪ੍ਰਸਤਾਵ ਨੂੰ ਸਮਝ ਕੇ ਵੋਟ ਪਾਉਣ। ਡਾਕ ਰਾਹੀਂ ਬੈਲਟ ਅਕਤੂਬਰ ਦੀ ਸ਼ੁਰੂਆਤ ਵਿਚ ਭੇਜੇ ਜਾਣਗੇ ਅਤੇ 3 ਨਵੰਬਰ ਨੂੰ ਚੋਣ ਦਿਵਸ ਹੋਵੇਗਾ। ਉਸ ਦਿਨ ਵੋਟ ਕੇਂਦਰ ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹੇ ਰਹਿਣਗੇ। ਇਸ ਵਾਰ ਦੀ ਚੋਣ ਵਿਚ ਇਹ 14 ਪ੍ਰਸਤਾਵ ਕੈਲੀਫੋਰਨੀਆ ਦੇ ਲੋਕਾਂ ਦੀ ਜ਼ਿੰਦਗੀ, ਟੈਕਸਾਂ, ਘਰਾਂ ਅਤੇ ਸਰਕਾਰੀ ਸੇਵਾਵਾਂ ਉੱਤੇ ਲੰਬੇ ਸਮੇਂ ਦਾ ਅਸਰ ਪਾ ਸਕਦੇ ਹਨ।

# ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਡੇਟਾ 'ਚੋਰੀ' ਮਾਮਲੇ 'ਚ 3 ਭਾਰਤੀ ਕੰਪਨੀਆਂ ਵਿਰੁੱਧ ਕਾਰਵਾਈ ਦੀ ਮੰਗ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਕਾਨੂੰਨਸਾਜ਼ਾਂ ਦੇ ਇੱਕ ਦੋ-ਪੱਖੀ ਸਮੂਹ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਇੱਕ ਪੱਤਰ ਲਿਖ ਕੇ ਤਿੰਨ ਭਾਰਤੀ ਕੰਪਨੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਹਜ਼ਾਰਾਂ ਅਮਰੀਕੀਆਂ ਅਤੇ ਅਮਰੀਕੀ ਕੰਪਨੀਆਂ ਨਾਲ ਸਬੰਧਤ ਡੇਟਾ ਚੋਰੀ ਕੀਤਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਕਾਨੂੰਨਸਾਜ਼ ਰੌਨ ਵਾਈਡਨ ਅਤੇ ਸ਼ੈਲਡਨ ਵ੍ਹਾਈਟਹਾਊਸ ਅਤੇ ਰਿਪਬਲਿਕਨ ਪਾਰਟੀ ਦੇ ਕਾਨੂੰਨਸਾਜ਼ ਪੈਟ ਹੈਰੀਗਨ ਨੇ ਵਣਜ ਸਕੱਤਰ ਹਾਵਰਡ ਲੁਟਨਿਕ ਨੂੰ 'ਸਨਕਿਸਡ ਆਰਗੈਨਿਕ ਪ੍ਰਾਈਵੇਟ ਲਿਮਟਿਡ', 'ਬੈਲਟੌਕਸ ਲਿਮਟਿਡ' ਅਤੇ 'ਸਾਈਬਰਰੂਟ ਲਿਮਟਿਡ' ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ, ਇਹ ਦਾਅਵਾ ਕਰਦੇ ਹੋਏ ਕਿ ਇਨ੍ਹਾਂ ਕੰਪਨੀਆਂ ਨੇ ਹਜ਼ਾਰਾਂ ਅਮਰੀਕੀਆਂ ਅਤੇ ਅਮਰੀਕੀ ਕੰਪਨੀਆਂ ਨਾਲ ਸਬੰਧਤ ਡੇਟਾ ਹੈਕ ਕੀਤਾ ਅਤੇ ਚੋਰੀ ਕੀਤਾ ਹੈ। ਲੁਟਨਿਕ ਨੂੰ ਲਿਖੇ ਇੱਕ ਪੱਤਰ ਵਿਚ ਵਾਈਡਨ, ਹੈਰੀਗਨ ਅਤੇ ਵ੍ਹਾਈਟਹਾਊਸ ਨੇ ਕਿਹਾ, 15 ਸਾਲਾਂ ਤੋਂ ਵੱਧ ਸਮੇਂ ਤੋਂ, ਭਾਰਤ ਵਿਚ ਸਥਿਤ ਕਈ ਸਾਈਬਰ ਗੈਂਗ ਅਮਰੀਕੀ ਨਾਗਰਿਕਾਂ, ਕਾਰੋਬਾਰਾਂ ਅਤੇ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਵਕੀਲਾਂ ਦੀ ਜਾਸੂਸੀ ਕਰਦੇ ਆ ਰਹੇ ਹਨ।” ਕਾਨੂੰਨਸਾਜ਼ਾਂ ਨੇ ਕਿਹਾ ਕਿ ਰਾਇਟਰਜ਼ ਅਤੇ ਦ ਸਿਟੀਜ਼ਨ ਲੈਬ ਦੁਆਰਾ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਕੰਪਨੀਆਂ ਨੇ ਪ੍ਰਾਈਵੇਟ ਇਕੁਇਟੀ ਫਰਮਾਂ, ਫਾਰਮਾਸਿਊਟੀਕਲ ਕੰਪਨੀਆਂ ਅਤੇ ਮੁਕੱਦਮੇਬਾਜ਼ੀ ਨੂੰ ਪ੍ਰਭਾਵਿਤ ਕਰਨ ਲਈ ਵੱਡੇ ਪੱਧਰ 'ਤੇ ਹੈਕਿੰਗ ਰਾਹੀਂ ਪ੍ਰਮੁੱਖ ਅਮਰੀਕੀ ਕਾਨੂੰਨ ਫਰਮਾਂ ਦੇ 1,000 ਤੋਂ ਵੱਧ ਵਕੀਲਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਇਸ ਗੱਲ ਦੇ ਸਬੂਤ ਹਨ ਕਿ ਇਹ ਸਮੂਹ ਕਤਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਇਨ੍ਹਾਂ ਸਮੂਹਾਂ ਨੇ ਕਤਰ ਦੀ ਵਿਸ਼ਵ ਕੱਪ ਮੇਜ਼ਬਾਨੀ ਬੋਲੀ ਦੇ ਵਿਰੋਧੀਆਂ ਅਤੇ ਅਮਰੀਕੀ ਪ੍ਰਤੀਨਿਧੀ ਸਭਾ ਦੀ ਸਥਾਈ ਖੁਫੀਆ ਕਮੇਟੀ ਦੇ ਸਾਬਕਾ ਰਿਪਬਲਿਕਨ ਚੇਅਰਮੈਨ ਦੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਭਾਰਤੀ ਕੰਪਨੀਆਂ ਨੇ ਗੂਗਲ, ਮੈਟਾ, ਮਾਈਕ੍ਰੋਸਾਫਟ ਅਤੇ ਦ ਨਿਊਯਾਰਕ ਸਮੇਤ ਅਮਰੀਕੀ ਤਕਨਾਲੋਜੀ ਅਤੇ ਮੀਡੀਆ ਕੰਪਨੀਆਂ ਵਿਰੁੱਧ ਮੁਕੱਦਮੇ ਦਾਇਰ ਕੀਤੇ ਹਨ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਇਨ੍ਹਾਂ ਮੁਕੱਦਮਿਆਂ ਦਾ ਉਦੇਸ਼ ਆਲੋਚਨਾ ਨੂੰ ਦਬਾਉਣ ਅਤੇ ਉਨ੍ਹਾਂ ਦੇ ਕਥਿਤ ਗੈਰ-ਕਾਨੂੰਨੀ ਹੈਕਿੰਗ ਮੁਹਿੰਮਾਂ ਨਾਲ ਸਬੰਧਤ ਤੱਥਾਂ ਦੇ ਖੁਲਾਸੇ ਨੂੰ ਰੋਕਣਾ ਹੈ। ਕਾਨੂੰਨਸਾਜ਼ਾਂ ਨੇ ਸੁਰੱਖਿਆ ਬਿਊਰੋ ਨੂੰ ਅਪੀਲ ਕੀਤੀ ਕਿ ਉਹ ਤਿੰਨਾਂ ਕੰਪਨੀਆਂ ਨੂੰ ਅਮਰੀਕੀ ਪਾਬੰਦੀਸ਼ੁਦਾ ਸੰਸਥਾਵਾਂ ਦੀ ਸੂਚੀ ਵਿਚ ਸ਼ਾਮਲ ਕਰੇ, ਜੋ ਅਮਰੀਕੀ ਸਾਫਟਵੇਅਰ, ਕਲਾਉਡ ਬੁਨਿਆਦੀ ਢਾਂਚੇ ਅਤੇ ਸਾਈਬਰ ਸੁਰੱਖਿਆ ਸਾਧਨਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਰੋਕ ਦੇਵੇਗਾ।


GHUMAN LAW GROUP INC.
GHUMAN
LAW GROUP
ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ ਤੁਹਾਡੀ ਸਹੀ ਮਦਦ ਕਰ ਸਕਦਾ ਹੈ।
MON - FRI | 9:00 AM-3:00 PM
+1 (228) 200-0001
www.ghumanlawgroup.org
2450 VENTURE OAKS WAY, STE 225 SACRAMENTO, CA
ਸਾਡੀਆਂ ਸੇਵਾਵਾਂ
01
ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।
CRIMINAL CASE
02
ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।
CRIMINAL RECORD
EXPUNGED
03
ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।
VISA APPLICATION
PASSPORT
United States of America
04
ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।
ਉੱਪਰ ਲਿਖੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ
ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ, ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।
MON - FRI | 9:00 AM 3:00 PM
+1 (228) 200-0001
www.ghumanlawgroup.org
2450 VENTURE OAKS WAY, STE 225 SACRAMENTO, CA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# 'ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ, ਮਿਸਟਰ ਸਿੰਘ': ਟਰੰਪ ਪ੍ਰਸ਼ਾਸਨ ਦੇ ਇਸ ਪੋਸਟਰ 'ਤੇ ਭੜਕੇ ਸਿੱਖ ਅਤੇ ਪੰਜਾਬੀ, ਨਸਲਵਾਦ ਦਾ ਲੱਗਿਆ ਦੋਸ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੇ ਗਏ ਇੱਕ ਪੋਸਟਰ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੀ 'ਸੈਲਫ-ਡੀਪੋਰਟੇਸ਼ਨ' (ਖੁਦ ਦੇਸ਼ ਛੱਡਣ) ਦੀ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਬਣਾਏ ਗਏ ਇਸ ਪੋਸਟਰ 'ਤੇ ਸਿੱਖ ਜਥੇਬੰਦੀਆਂ ਅਤੇ ਪੰਜਾਬੀਆਂ ਨੇ ਨਸਲਵਾਦੀ ਅਤੇ ਭਾਰਤ-ਵਿਰੋਧੀ ਸੁਨੇਹਾ ਦੇਣ ਦੇ ਗੰਭੀਰ ਦੋਸ਼ ਲਗਾਏ ਹਨ। ਇਹ ਪੋਸਟਰ ਟਰੰਪ ਸਰਕਾਰ ਵੱਲੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਚਲਾਈ ਜਾ ਰਹੀ ਸਖ਼ਤ ਮੁਹਿੰਮ ਦੌਰਾਨ ਜਾਰੀ ਕੀਤਾ ਗਿਆ ਹੈ। ਵਿਭਾਗ ਵੱਲੋਂ ਜਾਰੀ ਇਸ ਪੋਸਟਰ ਵਿੱਚ 'ਟਰਾਂਸਫਾਰਮਰਜ਼' ਫਿਲਮ ਦੀ ਤਰਜ਼ 'ਤੇ ਇੱਕ ਚਿਤਾਵਨੀ ਲਿਖੀ ਗਈ ਹੈ "ਸੈਲਫ-ਡੀਪੋਰਟ ਜਾਂ ਨਤੀਜੇ ਭੁਗਤੋ'। ਇਸ ਦੇ ਨਾਲ ਹੀ ਪੋਸਟਰ ਵਿੱਚ ਖਾਸ ਤੌਰ 'ਤੇ ਲਿਖਿਆ ਗਿਆ ਹੈ, "ਸਾਡੀਆਂ ਸੜਕਾਂ ਤੋਂ ਹਟ ਜਾਓ, ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ, ਮਿਸਟਰ ਸਿੰਘ"।'ਸਿੰਘ' ਸਰਨੇਮ ਦੀ ਇਸ ਵਰਤੋਂ ਨੇ ਭਾਰਤੀ-ਅਮਰੀਕੀ ਅਤੇ ਸਿੱਖ ਜਥੇਬੰਦੀਆਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ, ਜਿਨ੍ਹਾਂ ਦਾ ਕਹਿਣਾ ਹੈ ਕਿ ਇਹ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਉਂਦਾ ਹੈ।ਇਸ ਵਿਵਾਦ ਦਾ ਮੁੱਖ ਕਾਰਨ ਪੋਸਟਰ ਵਿੱਚ ਲਿਖੀ ਲਾਈਨ "ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ" ਨੂੰ ਮੰਨਿਆ ਜਾ ਰਿਹਾ ਹੈ, ਜੋ ਅਮਰੀਕਾ ਵਿੱਚ ਹਾਲ ਹੀ ਵਿੱਚ ਹੋਏ ਕੁਝ ਸੜਕ ਹਾਦਸਿਆਂ ਨਾਲ ਜੋੜੀ ਜਾ ਰਹੀ ਹੈ, ਜਿਨ੍ਹਾਂ ਵਿੱਚ ਬਿਨਾਂ




ਦਸਤਾਵੇਜ਼ਾਂ ਵਾਲੇ ਭਾਰਤੀ ਨਾਗਰਿਕਾਂ ਦੇ ਟਰੱਕ ਡਰਾਈਵਰ ਹੋਣ ਦਾ ਦਾਅਵਾ ਕੀਤਾ ਗਿਆ ਸੀ। ਅਮਰੀਕਾ ਵਿੱਚ ਕਮਰਸ਼ੀਅਲ ਟਰੱਕ ਡਰਾਈਵਰਾਂ ਦੀ ਸਖ਼ਤ ਜਾਂਚ ਦੇ ਨਾਲ-ਨਾਲ ਟਰੰਪ ਪ੍ਰਸ਼ਾਸਨ ਨੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਅਤੇ ਵਰਕ ਪਰਮਿਟ ਦੇ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਹਾਲਾਂਕਿ, ਆਲੋਚਕਾਂ ਦਾ ਤਰਕ ਹੈ ਕਿ 'ਸਿੰਘ' ਸਰਨੇਮ ਨੂੰ ਡਰਾਈਵਿੰਗ ਦੀਆਂ ਕਥਿਤ ਉਲੰਘਣਾਵਾਂ ਨਾਲ ਜੋੜਨਾ ਸਿੱਧੇ ਤੌਰ 'ਤੇ ਨਸਲੀ ਪ੍ਰੋਫਾਈਲਿੰਗ ਹੈ।ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਵੀ ਡੀਐਚਐਸ ਦੇ ਇਸ ਪੋਸਟਰ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ 'ਭਾਰਤ-ਵਿਰੋਧੀ ਪ੍ਰੋਫਾਈਲਿੰਗ' ਕਰਾਰ ਦਿੱਤਾ ਹੈ। ਫਾਊਂਡੇਸ਼ਨ ਨੇ ਐਕਸ 'ਤੇ ਲਿਖਿਆ, "ਸਿੰਘ ਹਿੰਦੂ ਵੀ ਹਨ, ਸਿੱਖ ਵੀ ਹਨ, ਅਮਰੀਕੀ ਵੀ ਹਨ ਅਤੇ ਉਹ ਗੱਡੀਆਂ ਵੀ ਚਲਾਉਂਦੇ ਹਨ। ਡੀਐਚਐਸ ਦੁਆਰਾ ਕੀਤੀ ਗਈ ਇਹ ਨਸਲਵਾਦੀ ਅਤੇ ਗੈਰ-ਅਮਰੀਕੀ ਟਿੱਪਣੀ ਸਾਡੇ ਦੇਸ਼ ਦੀ ਜ਼ਮੀਰ ਨੂੰ ਝੰਜੋੜਨ ਵਾਲੀ ਹੈ।" ਸੰਸਥਾ ਨੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਇਸ ਮਾਮਲੇ ਦਾ ਨੋਟਿਸ ਲੈ ਕੇ ਜਾਂਚ ਕਰਨ ਦੀ ਅਪੀਲ ਕੀਤੀ ਹੈ ਅਤੇ 'ਟਰਾਂਸਫਾਰਮਰਜ਼' ਦੀ ਫਿਲਮ ਕੰਪਨੀ ਪੈਰਾਮਾਊਂਟ ਪਿਕਚਰਜ਼ ਨੂੰ ਵੀ ਇਸ ਮਾਮਲੇ 'ਤੇ ਧਿਆਨ ਦੇਣ ਲਈ ਕਿਹਾ ਹੈ। ਫੌਕਸ 7 ਨਿਊਜ਼ ਦੇ ਐਂਕਰ ਐਲੇਕ ਨੋਲਨ ਨੇ ਵੀ ਇਸ ਪੋਸਟਰ ਦੀ ਤਿੱਖੀ ਨਿੰਦਾ ਕੀਤੀ ਹੈ। ਉਨ੍ਹਾਂ ਐਕਸ 'ਤੇ ਆਪਣੀ ਪਰਿਵਾਰਕ ਪਿਛੋਕੜ ਦਾ ਜ਼ਿਕਰ ਕਰਦਿਆਂ ਲਿਖਿਆ, "ਮੇਰੇ ਦਾਦਾ ਜੀ ਦਾ ਨਾਮ ਡੈਨ ਸਿੰਘ ਸੀ। ਉਨ੍ਹਾਂ ਦੇ ਪਿਤਾ ਕਥਾ ਸਿੰਘ ਦਹਾਕੇ ਪਹਿਲਾਂ ਭਾਰਤ ਤੋਂ ਬਿਹਤਰ ਜ਼ਿੰਦਗੀ ਦੀ ਭਾਲ ਵਿੱਚ ਅਮਰੀਕਾ ਆਏ ਸਨ। ਉਹ ਕੈਲੀਫੋਰਨੀਆ ਵਿੱਚ ਕਿਸਾਨ ਬਣੇ ਅਤੇ ਮੇਰੇ ਦਾਦਾ ਜੀ ਨੇ ਬਾਅਦ ਵਿੱਚ ਟਰੱਕ ਡਰਾਈਵਰ ਵਜੋਂ ਵੀ ਕੰਮ ਕੀਤਾ। ਇਹ ਪੋਸਟਰ ਨਸਲਵਾਦੀ ਹੈ ਅਤੇ 'ਸਿੰਘ' ਨਾਮ ਵਾਲੇ ਹਰ ਵਿਅਕਤੀ ਦਾ ਅਪਮਾਨ ਕਰਦਾ ਹੈ।" ਇਹ ਵਿਵਾਦ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਖੁਦ ਦੇਸ਼ ਛੱਡਣ ਲਈ ਲਗਾਤਾਰ ਚਿਤਾਵਨੀਆਂ ਦੇ ਰਿਹਾ ਹੈ।

# ਕੈਲੀਫੋਰਨੀਆ ਵਿੱਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਕੈਂਪਸਾਂ ਵਿੱਚ ਕੰਮ ਕਰਨ ਦੀ ਮਿਲੇਗੀ ਇਜਾਜ਼ਤ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਅਜਿਹਾ ਸੂਬਾ ਬਣ ਸਕਦਾ ਹੈ, ਜਿੱਥੇ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਕੈਂਪਸਾਂ ਵਿੱਚ ਕੰਮ ਕਰਨ ਦੀ ਇਜਾਜ਼ਤ ਮਿਲੇਗੀ। ਇਸ ਸਬੰਧੀ ਏਬੀ 713 ਬਿੱਲ, ਜਿਸ ਨੂੰ "ਅਪਰਚੂਨਿਟੀ ਫ਼ਾਰ ਆਲ ਐਕਟ" ਕਿਹਾ ਜਾਂਦਾ ਹੈ, ਸੂਬਾਈ ਵਿਧਾਨ ਸਭਾ ਦੇ ਦੋਵਾਂ ਸਦਨਾਂ ਵਿੱਚ ਪਾਸ ਹੋ ਚੁੱਕਾ ਹੈ। ਹੁਣ ਇਸ ਨੂੰ ਕਾਨੂੰਨ ਬਣਾਉਣ ਲਈ ਗਵਰਨਰ ਗੈਵਿਨ ਨਿਊਸਮ ਦੇ ਦਸਤਖ਼ਤਾਂ ਦੀ ਲੋੜ ਹੈ। ਬਿੱਲ ਦੇ ਲੇਖਕ ਅਤੇ ਡੈਮੋਕ੍ਰੈਟਿਕ ਅਸੈਂਬਲੀ ਮੈਂਬਰ ਜੋਸੇ ਲੁਈਸ ਸੋਲਾਚੇ ਨੇ ਗਵਰਨਰ ਨੂੰ ਇਸ ਉੱਤੇ ਦਸਤਖ਼ਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਨੂੰ ਪਰਵਾਸੀ ਵਿਦਿਆਰਥੀਆਂ ਨਾਲ ਖੜ੍ਹ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਕੰਮ ਕਰਨ ਅਤੇ ਕਾਮਯਾਬ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ।ਕੈਲੀਫੋਰਨੀਆ



ਵਿਦਿਆਰਥੀ ਸਹਾਇਤਾ ਕਮਿਸ਼ਨ ਅਨੁਸਾਰ ਸੂਬੇ ਦੀਆਂ ਸਰਕਾਰੀ ਯੂਨੀਵਰਸਿਟੀਆਂ ਅਤੇ ਕਮਿਊਨਿਟੀ ਕਾਲਜਾਂ ਵਿੱਚ ਲਗਭਗ 75 ਹਜ਼ਾਰ ਬਿਨਾਂ ਦਸਤਾਵੇਜ਼ਾਂ ਵਾਲੇ ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਡਾਕਾ ਪ੍ਰੋਗਰਾਮ ਤਹਿਤ ਕੰਮ ਕਰਨ ਦੀ ਮਨਜ਼ੂਰੀ ਨਹੀਂ ਹੈ। ਇਸ ਕਾਰਨ ਉਨ੍ਹਾਂ ਲਈ ਆਪਣੀ ਪੜ੍ਹਾਈ ਅਤੇ ਰਹਿਣ-ਸਹਿਣ ਦੇ ਖ਼ਰਚੇ ਪੂਰੇ ਕਰਨਾ ਔਖਾ ਹੋ ਜਾਂਦਾ ਹੈ। ਬਿੱਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਨਿੱਜੀ ਕੰਪਨੀਆਂ ਉੱਤੇ ਲਾਗੂ ਸੰਘੀ ਰੁਜ਼ਗਾਰ ਪਾਬੰਦੀਆਂ ਸੂਬਾਈ ਸਰਕਾਰੀ ਸੰਸਥਾਵਾਂ ਉੱਤੇ ਉਸੇ ਤਰ੍ਹਾਂ ਲਾਗੂ ਨਹੀਂ ਹੁੰਦੀਆਂ। ਯੂਸੀ ਬੋਰਡ ਆਫ਼ ਰੀਜੈਂਟਸ ਦੇ ਮੈਂਬਰ ਜੋਸੇ ਹਰਨਾਂਡੇਜ਼ ਨੇ ਕਿਹਾ ਕਿ ਕਿਸੇ ਵਿਦਿਆਰਥੀ ਦੀ ਯੋਗਤਾ ਅਤੇ ਮਿਹਨਤ ਦਾ ਫ਼ੈਸਲਾ ਉਸਦੇ ਇਮੀਗ੍ਰੇਸ਼ਨ ਦਰਜੇ ਦੇ ਆਧਾਰ ਉੱਤੇ ਨਹੀਂ ਹੋਣਾ ਚਾਹੀਦਾ।ਦੂਜੇ ਪਾਸੇ, ਬਿੱਲ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਕਦਮ ਸੰਘੀ ਇਮੀਗ੍ਰੇਸ਼ਨ ਕਾਨੂੰਨ ਨਾਲ ਟਕਰਾ ਸਕਦਾ ਹੈ। ਫਿਲਹਾਲ ਸਾਰੀਆਂ ਨਜ਼ਰਾਂ ਗਵਰਨਰ ਨਿਊਸਮ ਦੇ ਫ਼ੈਸਲੇ ਉੱਤੇ ਟਿਕੀਆਂ ਹੋਈਆਂ ਹਨ।

# ਟਰੰਪ ਦੀ ਰਿਪਬਲਿਕਨ ਕਨਵੈਨਸ਼ਨ 'ਚ ਇਮੀਗ੍ਰੇਸ਼ਨ ਮੁੱਖ ਮੁੱਦਾ ਬਣਿਆ

# ਟਰੰਪ ਨੇ ਇਮੀਗ੍ਰੇਸ਼ਨ 'ਤੇ ਖੋਲ੍ਹੇ ਪੱਤੇ: ਨਵੰਬਰ ਚੋਣਾਂ ਤੋਂ ਬਾਅਦ ਹੋਰ ਸਖ਼ਤੀ ਦੇ ਸੰਕੇਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਰਿਪਬਲਿਕਨ ਪਾਰਟੀ ਦੀ ਮਿਡਟਰਮ ਕਨਵੈਨਸ਼ਨ ਵਿਚ ਇਮੀਗ੍ਰੇਸ਼ਨ ਅਤੇ ਅਮਰੀਕੀ ਸਰਹੱਦ ਦੀ ਸੁਰੱਖਿਆ ਸਭ ਤੋਂ ਵੱਡੇ ਮੁੱਦਿਆਂ ਵਿਚ ਰਹੇ। ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਭਾਸ਼ਣ ਵਿਚ ਸਾਫ਼ ਕੀਤਾ ਕਿ ਨਵੰਬਰ ਦੀਆਂ ਚੋਣਾਂ ਵਿਚ ਰਿਪਬਲਿਕਨ ਪਾਰਟੀ ਇਮੀਗ੍ਰੇਸ਼ਨ ਨੂੰ ਇੱਕ ਵੱਡਾ ਚੋਣ ਮੁੱਦਾ ਬਣਾਏਗੀ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੀ ਸਰਹੱਦ ਨੂੰ ਹੋਰ ਮਜ਼ਬੂਤ ਕਰਨਾ ਅਤੇ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖ਼ਲ ਹੋਣ ਵਾਲਿਆਂ ਖ਼ਿਲਾਫ਼ ਕਾਰਵਾਈ ਜਾਰੀ ਰੱਖਣਾ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਰਹੇਗੀ। ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ। ਉਨ੍ਹਾਂ ਨੇ ਕਿਹਾ ਕਿ ਸਰਹੱਦ ਉੱਤੇ ਹੁਣ ਪਹਿਲਾਂ ਨਾਲੋਂ ਕਾਫ਼ੀ ਸਖ਼ਤੀ ਕੀਤੀ ਗਈ ਹੈ। ਹਾਲਾਂਕਿ ਇਹ ਕਹਿਣਾ ਕਿ ਗੈਰਕਾਨੂੰਨੀ ਦਾਖ਼ਲਾ ਪੂਰੀ ਤਰ੍ਹਾਂ ਬੰਦ ਹੋ ਗਿਆ ਹੈ, ਠੀਕ ਨਹੀਂ ਹੋਵੇਗਾ। ਅੰਕੜਿਆਂ ਮੁਤਾਬਕ ਸਰਹੱਦੀ ਗ੍ਰਿਫ਼ਤਾਰੀਆਂ ਅਤੇ ਦਾਖ਼ਲਿਆਂ ਵਿਚ ਕਮੀ ਜ਼ਰੂਰ ਆਈ ਹੈ, ਪਰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਦੇ ਮਾਮਲੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਏ। ਟਰੰਪ ਨੇ ਕਨਵੈਨਸ਼ਨ ਵਿਚ ਇੱਕ ਨਵਾਂ ਕਾਨੂੰਨ ਲਿਆਉਣ ਦੀ ਗੱਲ ਵੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ, ਜਿਸ ਨਾਲ ਭਵਿੱਖ ਵਿਚ ਕੋਈ ਵੀ ਰਾਸ਼ਟਰਪਤੀ ਅਮਰੀਕੀ ਸਰਹੱਦ ਦੇ ਨਿਯਮ ਬਹੁਤ



ਆਸਾਨੀ ਨਾਲ ਢਿੱਲੇ ਨਾ ਕਰ ਸਕੇ। ਟਰੰਪ ਨੇ ਇਸ ਪ੍ਰਸਤਾਵ ਲਈ "ਨੋ ਇਨਵੇਜ਼ਨ ਆਫ਼ ਆਵਰ ਕੰਟਰੀ ਐਕਟ" ਨਾਮ ਵਰਤਿਆ। ਪਰ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਹਾਲੇ ਸਿਰਫ਼ ਇੱਕ ਪ੍ਰਸਤਾਵ ਹੈ। ਇਹ ਕਾਨੂੰਨ ਨਹੀਂ ਬਣਿਆ। ਇਸ ਨੂੰ ਕਾਨੂੰਨ ਬਣਾਉਣ ਲਈ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਲੋੜੀਂਦੀ ਹੋਵੇਗੀ। ਰਿਪਬਲਿਕਨ ਪਾਰਟੀ ਨੇ ਲੇਕਨ ਰਾਈਲੀ ਐਕਟ ਨੂੰ ਵੀ ਆਪਣੀ ਇਮੀਗ੍ਰੇਸ਼ਨ ਨੀਤੀ ਦੀ ਇੱਕ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ। ਇਸ ਕਾਨੂੰਨ ਹੇਠ ਕੁਝ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕੁਝ ਗੈਰ-ਨਾਗਰਿਕਾਂ ਨੂੰ ਇਮੀਗ੍ਰੇਸ਼ਨ ਹਿਰਾਸਤ ਵਿਚ ਲੈਣ ਦੇ ਨਿਯਮ ਹੋਰ ਸਖ਼ਤ ਕੀਤੇ ਗਏ ਹਨ। ਟਰੰਪ ਪ੍ਰਸ਼ਾਸਨ ਨੇ ਇਹ ਵੀ ਸਾਫ਼ ਕੀਤਾ ਹੈ ਕਿ ਦੇਸ਼ ਅੰਦਰ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ ਦੀ ਪਛਾਣ, ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਣ ਦੀ ਕਾਰਵਾਈ ਜਾਰੀ ਰਹੇਗੀ। ਇਸ ਦੇ ਨਾਲ ਹੀ ਸਰਹੱਦੀ ਕੰਧ, ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਰਕਮ ਵੀ ਦਿੱਤੀ ਗਈ ਹੈ। ਇਸ ਕਾਰਨ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਕਾਰਵਾਈ ਕਈ ਥਾਵਾਂ ਉੱਤੇ ਤੇਜ਼ ਹੋਈ ਹੈ। ਗ੍ਰਿਫ਼ਤਾਰੀਆਂ ਦੀ ਗਿਣਤੀ ਵੀ ਵਧੀ ਹੈ ਅਤੇ ਸਰਕਾਰ ਦਾ ਧਿਆਨ ਖ਼ਾਸ ਤੌਰ ਉੱਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਡਿਪੋਰਟੇਸ਼ਨ ਉੱਤੇ ਬਣਿਆ ਹੋਇਆ ਹੈ। ਭਾਰਤੀ ਅਤੇ ਪੰਜਾਬੀ ਭਾਈਚਾਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਕਨਵੈਨਸ਼ਨ ਦੀ ਪਹਿਲੀ ਰਾਤ ਗ੍ਰੀਨ ਕਾਰਡ, ਪਰਿਵਾਰਕ ਵੀਜ਼ੇ, ਐੱਚ-1ਬੀ ਵੀਜ਼ੇ, ਵਿਦਿਆਰਥੀ ਵੀਜ਼ੇ ਜਾਂ ਹੋਰ ਕਾਨੂੰਨੀ ਇਮੀਗ੍ਰੇਸ਼ਨ ਸ਼੍ਰੇਣੀਆਂ ਲਈ ਕਿਸੇ ਵੱਡੀ ਨਵੀਂ ਰਾਹਤ ਦਾ ਐਲਾਨ ਨਹੀਂ ਕੀਤਾ ਗਿਆ। ਇਸ ਲਈ ਇਸ ਭਾਸ਼ਣ ਨੂੰ ਕੋਈ ਨਵਾਂ ਇਮੀਗ੍ਰੇਸ਼ਨ ਕਾਨੂੰਨ ਜਾਂ ਤੁਰੰਤ ਲਾਗੂ ਹੋਣ ਵਾਲੀ ਨੀਤੀ ਨਹੀਂ ਮੰਨਿਆ ਜਾਣਾ ਚਾਹੀਦਾ। ਕਨਵੈਨਸ਼ਨ ਤੋਂ ਇਸ ਵੇਲੇ ਸਭ ਤੋਂ ਵੱਡਾ ਸੰਦੇਸ਼ ਇਹ ਨਿਕਲਦਾ ਹੈ ਕਿ ਜੇ ਨਵੰਬਰ ਦੀਆਂ ਚੋਣਾਂ ਤੋਂ ਬਾਅਦ ਰਿਪਬਲਿਕਨ ਪਾਰਟੀ ਕਾਂਗਰਸ ਵਿਚ ਆਪਣੀ ਮਜ਼ਬੂਤ ਸਥਿਤੀ ਬਰਕਰਾਰ ਰੱਖਦੀ ਹੈ, ਤਾਂ ਗੈਰਕਾਨੂੰਨੀ ਇਮੀਗ੍ਰੇਸ਼ਨ, ਸਰਹੱਦੀ ਸੁਰੱਖਿਆ, ਹਿਰਾਸਤ ਅਤੇ ਡਿਪੋਰਟੇਸ਼ਨ ਦੇ ਮਾਮਲਿਆਂ ਵਿਚ ਹੋਰ ਸਖ਼ਤੀ ਦੇਖਣ ਨੂੰ ਮਿਲ ਸਕਦੀ ਹੈ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

STEER TIRE
295/75R22.5

With Installation
Singh: 510-766-9382

**Firestone FS591**

SPECIAL OFFER !!



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

# S. Singh Cell: (510) 766-9382

## 2955 N. Wilson Way Stockton , CA 95205

# "ਮਿਸਟਰ ਸਿੰਘ, ਸਾਡੀਆਂ ਸੜਕਾਂ ਤੋਂ ਉਤਰ ਜਾਓ"

# ਸਰਕਾਰੀ ਏਜੰਸੀ ਦੀ ਭਾਸ਼ਾ ਸਿੱਖ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ

## ਇੱਕ ਡਰਾਈਵਰ ਦੀ ਗਲਤੀ ਲਈ ਪੂਰੇ 'ਸਿੰਘ' ਨਾਮ ਅਤੇ ਸਿੱਖ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਕਿੱਥੋਂ ਤੱਕ ਜਾਇਜ਼?




ਅਮਰੀਕਾ ਵਰਗੇ ਬਹੁ-ਨਸਲੀ ਅਤੇ ਬਹੁ-ਧਾਰਮਿਕ ਦੇਸ਼ ਵਿੱਚ ਸਰਕਾਰੀ ਸੰਸਥਾਵਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਭਾਸ਼ਾ ਨਿਰਪੱਖ, ਜ਼ਿੰਮੇਵਾਰ ਅਤੇ ਕਿਸੇ ਵੀ ਭਾਈਚਾਰੇ ਪ੍ਰਤੀ ਪੱਖਪਾਤ ਤੋਂ ਰਹਿਤ ਹੋਵੇ। ਪਰ ਅਮਰੀਕੀ Department of Homeland Security (DHS) ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ ਤੋਂ 9 ਸਤੰਬਰ ਨੂੰ ਪਾਈ ਗਈ ਇੱਕ ਪੋਸਟ ਨੇ ਸਿੱਖ ਅਤੇ ਪੰਜਾਬੀ ਭਾਈਚਾਰੇ ਅੰਦਰ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ।

ਪੋਸਟ ਵਿੱਚ ਇੱਕ ਦਾੜ੍ਹੀ ਵਾਲੇ ਵਿਅਕਤੀ ਨੂੰ ਦਿਖਾਉਂਦਿਆਂ ਲਿਖਿਆ ਗਿਆ "Get off our roads, you don't know how to drive Mr. Singh." ਇਸ ਦੇ ਨਾਲ "America for Americans" ਅਤੇ "Self-deport or find out" ਵਰਗੇ ਸੁਨੇਹੇ ਵੀ ਦਿੱਤੇ ਗਏ। ਇਸ ਪੋਸਟ ਨੂੰ ਲੈ ਕੇ ਸਿੱਖ ਅਤੇ ਭਾਰਤੀ-ਅਮਰੀਕੀ ਸੰਸਥਾਵਾਂ ਵੱਲੋਂ ਨਸਲੀ ਅਤੇ ਭਾਈਚਾਰਕ ਪ੍ਰੋਫਾਈਲਿੰਗ ਦੇ ਦੋਸ਼ ਲਗਾਏ ਜਾ ਰਹੇ ਹਨ।

ਇੱਥੇ ਇੱਕ ਗੱਲ ਬਿਲਕੁਲ ਸਪੱਸ਼ਟ ਹੋਣੀ ਚਾਹੀਦੀ ਹੈ ਸੜਕ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਜੇ ਕੋਈ ਟਰੱਕ ਡਰਾਈਵਰ, ਭਾਵੇਂ ਉਸ ਦਾ ਨਾਮ ਸਿੰਘ ਹੋਵੇ, ਸਮਿਥ ਹੋਵੇ, ਗਾਰਸੀਆ ਹੋਵੇ ਜਾਂ ਕੋਈ ਹੋਰ, ਕਾਨੂੰਨ ਦੀ ਉਲੰਘਣਾ ਕਰਦਾ ਹੈ, ਅਯੋਗ ਹੋਣ ਦੇ ਬਾਵਜੂਦ ਵਪਾਰਕ ਵਾਹਨ ਚਲਾਉਂਦਾ ਹੈ ਜਾਂ ਉਸ ਦੀ ਲਾਪਰਵਾਹੀ ਨਾਲ ਕਿਸੇ ਦੀ ਜਾਨ ਜਾਂਦੀ ਹੈ, ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਪਰ ਇੱਕ ਵਿਅਕਤੀ ਦੀ ਗਲਤੀ ਨੂੰ ਪੂਰੇ ਭਾਈਚਾਰੇ ਦੀ ਪਛਾਣ ਬਣਾ ਦੇਣਾ ਇਨਸਾਫ਼ ਨਹੀਂ ਹੈ।

ਟਰੱਕ ਹਾਦਸੇ ਹਰ ਨਸਲ, ਹਰ ਧਰਮ ਅਤੇ ਹਰ ਕੌਮੀ ਪਿਛੋਕੜ ਨਾਲ ਸਬੰਧਤ ਡਰਾਈਵਰਾਂ ਤੋਂ ਹੁੰਦੇ ਹਨ। ਕਿਸੇ ਹਾਦਸੇ ਦੀ ਜਾਂਚ ਡਰਾਈਵਰ ਦੀ ਯੋਗਤਾ, ਲਾਇਸੈਂਸ, ਟ੍ਰੇਨਿੰਗ, ਨਸ਼ੇ, ਥਕਾਵਟ, ਟ੍ਰੈਫਿਕ ਨਿਯਮਾਂ ਦੀ ਉਲੰਘਣਾ ਜਾਂ ਹੋਰ ਤੱਥਾਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ ਉਸ ਦੇ ਨਾਮ ਜਾਂ ਧਰਮ ਦੇ ਆਧਾਰ 'ਤੇ ਨਹੀਂ।

ਜੇ ਗਲਤ ਤਰੀਕੇ ਨਾਲ CDL ਜਾਰੀ ਹੋਏ ਹਨ ਤਾਂ ਜਾਂਚ ਕਰੋ। ਜੇ ਡਰਾਈਵਿੰਗ ਸਕੂਲਾਂ ਨੇ ਧੋਖਾਧੜੀ ਕੀਤੀ ਹੈ ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰੋ। ਜੇ ਕੋਈ ਡਰਾਈਵਰ ਅੰਗਰੇਜ਼ੀ ਜਾਂ ਸੁਰੱਖਿਆ ਦੇ ਲਾਜ਼ਮੀ ਮਾਪਦੰਡ ਪੂਰੇ ਨਹੀਂ ਕਰਦਾ ਤਾਂ ਕਾਨੂੰਨ ਲਾਗੂ ਕਰੋ। ਧੂਸ਼ ਨੇ ਖੁਦ ਛਧਲ ਧੋਖਾਧੜੀ ਬਾਰੇ ਟਿਪਲਾਈਨ ਸ਼ੁਰੂ ਕਰਦਿਆਂ ਵੱਖ-ਵੱਖ ਦੇਸ਼ਾਂ ਨਾਲ ਸਬੰਧਤ ਡਰਾਈਵਰਾਂ ਦੇ ਮਾਮਲੇ ਦਰਜ ਕੀਤੇ ਹਨ।

ਪਰ 'ਮਿਸਟਰ ਸਿੰਘ' ਨੂੰ ਹੀ ਮਾੜੀ ਡਰਾਈਵਿੰਗ ਦਾ ਪ੍ਰਤੀਕ ਬਣਾ ਕੇ ਪੇਸ਼ ਕਰਨਾ ਇੱਕ ਵੱਖਰਾ ਅਤੇ ਗੰਭੀਰ ਮਸਲਾ ਹੈ।

ਡੀਐਚਐਸ ਕੋਈ ਨਿੱਜੀ ਸੋਸ਼ਲ ਮੀਡੀਆ ਪੇਜ ਨਹੀਂ ਹੈ। ਇਹ ਸੰਯੁਕਤ ਰਾਜ ਸਰਕਾਰ ਦਾ ਇੱਕ ਅਹਿਮ ਵਿਭਾਗ ਹੈ। ਸਰਕਾਰੀ ਏਜੰਸੀ ਦੇ ਸ਼ਬਦਾਂ ਦਾ ਭਾਰ ਹੁੰਦਾ ਹੈ। ਜਦੋਂ ਅਜਿਹੇ ਮੰਚ ਤੋਂ ਕਿਸੇ ਖ਼ਾਸ ਨਾਮ, ਪਛਾਣ ਜਾਂ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੀ ਭਾਸ਼ਾ ਵਰਤੀ ਜਾਂਦੀ ਹੈ, ਤਾਂ ਖ਼ਤਰਾ ਇਹ ਹੈ ਕਿ ਸਮਾਜ ਵਿੱਚ ਪਹਿਲਾਂ ਤੋਂ ਮੌਜੂਦ ਪੱਖਪਾਤ ਨੂੰ ਹੋਰ ਹਵਾ ਮਿਲ ਸਕਦੀ ਹੈ।

ਇਸ ਚਿੰਤਾ ਨੂੰ ਅਮਰੀਕੀ ਸਿੱਖ ਇਤਿਹਾਸ ਦੇ ਇੱਕ ਦਰਦਨਾਕ ਅਧਿਆਇ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। 11 ਸਤੰਬਰ 2001 ਦੇ ਅੱਤਵਾਦੀ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਨਫ਼ਰਤੀ ਹਿੰਸਾ ਦੀ ਲਹਿਰ ਦੌਰਾਨ ਐਰੀਜ਼ੋਨਾ ਦੇ ਸਿੱਖ ਅਮਰੀਕੀ ਬਲਬੀਰ ਸਿੰਘ ਸੋਢੀ ਦੀ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਉਨ੍ਹਾਂ ਦੀ ਦਿੱਖ ਅਤੇ ਪਛਾਣ ਕਾਰਨ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਅੱਜ ਜਦੋਂ 9/11 ਦੀ ਵਰ੍ਹੇਗੰਢ ਫਿਰ ਸਾਹਮਣੇ ਹੈ, ਸਰਕਾਰੀ ਸੰਸਥਾਵਾਂ ਨੂੰ ਆਪਣੀ ਭਾਸ਼ਾ ਪ੍ਰਤੀ ਹੋਰ ਵੀ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੋਣ ਦੀ ਲੋੜ ਹੈ।

ਅਮਰੀਕਾ ਦੀਆਂ ਸੜਕਾਂ 'ਤੇ ਹਜ਼ਾਰਾਂ ਸਿੱਖ ਅਤੇ ਪੰਜਾਬੀ ਟਰੱਕ ਡਰਾਈਵਰ ਦਹਾਕਿਆਂ ਤੋਂ ਮਿਹਨਤ ਕਰਦੇ ਆ ਰਹੇ ਹਨ। ਉਹ ਦੇਸ਼ ਦੀ ਸਪਲਾਈ ਚੇਨ ਦਾ ਹਿੱਸਾ ਹਨ। ਉਨ੍ਹਾਂ ਵਿੱਚ ਵੀ ਚੰਗੇ ਅਤੇ ਮਾੜੇ ਡਰਾਈਵਰ ਹੋ ਸਕਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਵੇਂ ਹਰ ਹੋਰ ਭਾਈਚਾਰੇ ਵਿੱਚ। ਕਾਨੂੰਨ ਵਿਅਕਤੀ ਦੀ ਕਰਨੀ ਦਾ ਹਿਸਾਬ ਮੰਗੇ, ਉਸ ਦੇ ਨਾਮ ਦਾ ਨਹੀਂ।

ਇਸ ਲਈ ਸਿੱਖ ਸੰਸਥਾਵਾਂ, ਟਰੱਕਿੰਗ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਹੋਰ ਸਿਵਲ ਰਾਈਟਸ ਗਰੁੱਪਾਂ ਨੂੰ ਇਸ ਮਾਮਲੇ 'ਤੇ ਸ਼ਾਂਤਮਈ ਪਰ ਮਜ਼ਬੂਤ ਆਵਾਜ਼ ਉਠਾਉਣੀ ਚਾਹੀਦੀ ਹੈ। ਮੰਗ ਇਹ ਨਹੀਂ ਹੋਣੀ ਚਾਹੀਦੀ ਕਿ ਕਿਸੇ ਦੋਸ਼ੀ ਨੂੰ ਬਚਾਇਆ ਜਾਵੇ। ਮੰਗ ਸਿਰਫ਼ ਇਹ ਹੋਣੀ ਚਾਹੀਦੀ ਹੈ ਕਿ ਦੋਸ਼ੀ ਨੂੰ ਸਜ਼ਾ ਦਿਓ, ਪਰ ਉਸ ਦੇ ਨਾਮ ਨਾਲ ਜੁੜੇ ਲੱਖਾਂ ਬੇਕਸੂਰ ਲੋਕਾਂ ਨੂੰ ਦੋਸ਼ੀ ਨਾ ਬਣਾਓ।

ਅਮਰੀਕਾ ਦੀ ਤਾਕਤ ਉਸ ਦੇ ਕਾਨੂੰਨ ਦੇ ਨਾਲ-ਨਾਲ ਉਸ ਦੀ ਵਿਭਿੰਨਤਾ ਵਿੱਚ ਵੀ ਹੈ। ਸਰਕਾਰ ਦਾ ਕੰਮ ਸੜਕਾਂ ਨੂੰ ਸੁਰੱਖਿਅਤ ਬਣਾਉਣਾ ਹੈ ਕਿਸੇ ਧਰਮ, ਨਸਲ ਜਾਂ "ਸਿੰਘ" ਵਰਗੇ ਨਾਮ ਨੂੰ ਸ਼ੱਕ ਅਤੇ ਨਫ਼ਰਤ ਦਾ ਪ੍ਰਤੀਕ ਬਣਾਉਣਾ ਨਹੀਂ।

ਇੱਕ ਦੀ ਗਲਤੀ ਦੀ ਸਜ਼ਾ ਇੱਕ ਨੂੰ ਮਿਲੇ ਪੂਰੇ ਭਾਈਚਾਰੇ ਨੂੰ ਨਹੀਂ।



SANJHI SOCH
ਗੁਰਿੰਦਰਜੀਤ ਸਿੰਘ
'ਨੀਟਾ ਮਾਛੀਕੇ'
ਫਰਿਜ਼ਨੋ, ਕੈਲੀਫੋਰਨੀਆ

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

SANJHI SOCH
ਨਵਨੀਤ ਸਿੰਘ
9814509900



# ਪਾਸ਼: ਸਵਾਲਾਂ ਦੀ ਉਹ ਆਵਾਜ਼ ਜੋ ਅਜੇ ਚੁੱਪ ਨਹੀਂ ਹੋਈ

ਪਾਸ਼ ਨੂੰ ਯਾਦ ਕਰਨਾ ਸੌਖਾ ਹੈ। ਉਸ ਦੀ ਤਸਵੀਰ ਸਾਂਝੀ ਕਰੋ, ਕਵਿਤਾ ਦੀਆਂ ਕੁਝ ਸਤਰਾਂ ਲਿਖੋ ਅਤੇ ਸ਼ਰਧਾਂਜਲੀ ਦੇ ਦਿਓ। ਪਰ ਪਾਸ਼ ਨੂੰ ਸਮਝਣਾ ਇੰਨਾ ਸੌਖਾ ਨਹੀਂ। ਉਸ ਨੂੰ ਸਮਝਣ ਲਈ ਆਪਣੇ ਸਮੇਂ ਦੇ ਸਵਾਲਾਂ ਨਾਲ ਟਕਰਾਉਣਾ ਪੈਂਦਾ ਹੈ। ਸੱਤਾ ਨੂੰ ਸਵਾਲ ਕਰਨਾ ਪੈਂਦਾ ਹੈ। ਚੁੱਪ ਦੇ ਵਿਰੁੱਧ ਖੜ੍ਹਨਾ ਪੈਂਦਾ ਹੈ।

9 ਸਤੰਬਰ 1950 ਨੂੰ ਜਨਮੇ ਅਵਤਾਰ ਸਿੰਘ ਸੰਧੂ ‘ਪਾਸ਼’ ਨੇ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਦਿੱਤੀ। ਉਸ ਦੀ ਕਵਿਤਾ ਕਲਪਨਾ ਦੀ ਦੁਨੀਆ ਵਿੱਚ ਨਹੀਂ, ਜ਼ਿੰਦਗੀ ਦੀ ਹਕੀਕਤ ਵਿੱਚੋਂ ਨਿਕਲੀ। ਖੇਤ, ਮਜ਼ਦੂਰ, ਕਿਸਾਨ, ਨੌਜਵਾਨ, ਗਰੀਬੀ, ਬੇਇਨਸਾਫ਼ੀ ਅਤੇ ਸੱਤਾ ਇਹ ਉਸ ਦੀ ਕਵਿਤਾ ਦੇ ਕੇਂਦਰੀ ਸਰੋਕਾਰ ਸਨ।

ਪਾਸ਼ ਦੀ ਕਵਿਤਾ ਪਾਠਕ ਨੂੰ ਸਿਰਫ਼ ਪੜ੍ਹਨ ਲਈ ਨਹੀਂ ਕਹਿੰਦੀ। ਉਹ ਉਸ ਨੂੰ ਸੋਚਣ ਅਤੇ ਸਵਾਲ ਕਰਨ ਲਈ ਮਜਬੂਰ ਕਰਦੀ ਹੈ।

## ਸੱਤਾ ਦੇ ਸਾਹਮਣੇ ਸਵਾਲ

ਪਾਸ਼ ਲਈ ਕਵਿਤਾ ਸਿਰਫ਼ ਕਲਾ ਨਹੀਂ ਸੀ। ਇਹ ਸਮਾਜਕ ਜ਼ਿੰਮੇਵਾਰੀ ਵੀ ਸੀ। ਜਿੱਥੇ ਅਨਿਆਂ ਹੋਵੇ, ਉੱਥੇ ਸਵਾਲ ਹੋਣਾ ਚਾਹੀਦਾ ਹੈ। ਜਿੱਥੇ ਹੱਕ ਖੋਹੇ ਜਾਣ, ਉੱਥੇ ਵਿਰੋਧ ਹੋਣਾ ਚਾਹੀਦਾ ਹੈ। ਜਿੱਥੇ ਸੱਤਾ ਜਵਾਬਦੇਹ ਨਾ ਰਹੇ, ਉੱਥੇ ਲੋਕਾਂ ਦੀ ਆਵਾਜ਼ ਹੋਰ ਬੁਲੰਦ ਹੋਣੀ ਚਾਹੀਦੀ ਹੈ।

ਉਸ ਦਾ ਵਿਰੋਧ ਕਿਸੇ ਇੱਕ ਸਰਕਾਰ ਜਾਂ ਪਾਰਟੀ ਤੱਕ ਸੀਮਤ ਨਹੀਂ ਸੀ। ਉਸ ਦਾ ਨਿਸ਼ਾਨਾ ਹਰ ਉਹ ਵਿਵਸਥਾ ਸੀ ਜੋ ਮਨੁੱਖ ਦੀ ਆਜ਼ਾਦੀ, ਬਰਾਬਰੀ ਅਤੇ ਮਰਿਆਦਾ ਨੂੰ ਕੁਚਲਦੀ ਹੈ। ਇਸ ਲਈ ਪਾਸ਼ ਨੂੰ ਕਿਸੇ ਇੱਕ ਸਿਆਸੀ ਖੇਮੇ ਵਿੱਚ ਬੰਦ ਕਰਨਾ ਉਸ ਦੀ ਸੋਚ ਨਾਲ ਬੇਇਨਸਾਫ਼ੀ ਹੈ।

## ‘ਸਭ ਤੋਂ ਖ਼ਤਰਨਾਕ’ ਦਾ ਸਵਾਲ

ਪਾਸ਼ ਦੀ ‘ਸਭ ਤੋਂ ਖ਼ਤਰਨਾਕ’ ਅੱਜ ਵੀ ਪੜ੍ਹੀ ਜਾਂਦੀ ਹੈ ਤਾਂ ਇਸ ਦਾ ਕਾਰਨ ਸਿਰਫ਼ ਇਸ ਦੀ ਸਾਹਿਤਕ ਤਾਕਤ ਨਹੀਂ। ਇਸ ਦਾ ਕਾਰਨ ਇਸ ਵਿੱਚ ਛੁਪਿਆ ਸਵਾਲ ਹੈ ਜਦੋਂ ਮਨੁੱਖ ਸਵਾਲ ਕਰਨਾ ਛੱਡ ਦੇਵੇ ਤਾਂ ਕੀ ਬਚਦਾ ਹੈ?

ਅੱਜ ਜਾਣਕਾਰੀ ਦੀ ਕੋਈ ਘਾਟ ਨਹੀਂ। ਮੋਬਾਈਲ ਦੀ ਸਕਰੀਨ ’ਤੇ ਹਰ ਪਲ ਸੈਂਕੜੇ ਖ਼ਬਰਾਂ ਹਨ। ਰਾਇਆਂ ਦੀ ਭਰਮਾਰ ਹੈ। ਪਰ ਸੁਤੰਤਰ ਸੋਚ ਦਾ ਸਵਾਲ ਅਜੇ ਵੀ ਕਾਇਮ ਹੈ।

ਕੀ ਅਸੀਂ ਤੱਥਾਂ ਦੀ ਜਾਂਚ ਕਰਦੇ ਹਾਂ? ਕੀ ਅਸੀਂ ਸੱਤਾ ਦੇ ਦਾਅਵਿਆਂ ਨੂੰ ਪਰਖਦੇ ਹਾਂ? ਕੀ ਅਸੀਂ ਪੁੱਛਦੇ ਹਾਂ ਕਿ ਕਿਸੇ ਨੀਤੀ ਦਾ ਲਾਭ ਕਿਸ ਨੂੰ ਹੋ ਰਿਹਾ ਹੈ ਅਤੇ ਕੀਮਤ ਕੌਣ ਭਰ ਰਿਹਾ ਹੈ?

ਜੇ ਨਹੀਂ, ਤਾਂ ਪਾਸ਼ ਦੀ ਕਵਿਤਾ ਅੱਜ ਵੀ ਸਾਡੇ ਲਈ ਚੇਤਾਵਨੀ ਹੈ।

## ਪੰਜਾਬ ਦੇ ਸਵਾਲ ਉਹੀ ਹਨ

ਪੰਜਾਬ ਅੱਜ ਵੀ ਕਈ ਗੰਭੀਰ ਸੰਕਟਾਂ ਨਾਲ ਘਿਰਿਆ ਹੋਇਆ ਹੈ। ਖੇਤੀ ਸੰਕਟ, ਕਰਜ਼ਾ, ਬੇਰੁਜ਼ਗਾਰੀ, ਨੌਜਵਾਨਾਂ ਦਾ ਪਰਵਾਸ, ਪਾਣੀ ਦਾ ਡਿੱਗਦਾ ਪੱਧਰ ਅਤੇ ਵਾਤਾਵਰਨੀ ਸੰਕਟ ਇਹ ਸਿਰਫ਼ ਅੰਕੜੇ ਨਹੀਂ, ਪੰਜਾਬ ਦੀ ਜ਼ਿੰਦਗੀ ਨਾਲ ਜੁੜੇ ਸਵਾਲ ਹਨ।

ਸਭ ਤੋਂ ਵੱਡਾ ਸਵਾਲ ਨੌਜਵਾਨ ਦਾ ਹੈ। ਡਿਗਰੀ ਹੱਥ ਵਿੱਚ ਹੈ, ਪਰ ਰੁਜ਼ਗਾਰ ਨਹੀਂ। ਸੁਪਨਾ ਹੈ, ਪਰ ਮੌਕਾ ਨਹੀਂ। ਨਤੀਜਾ ਇਹ ਕਿ ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਦੀ ਭਾਲ ਵਿਦੇਸ਼ਾਂ ਵਿੱਚ ਕਰ ਰਿਹਾ ਹੈ।

ਇਹ ਸਿਰਫ਼ ਪਰਵਾਸ ਦਾ ਮਸਲਾ ਨਹੀਂ। ਇਹ ਪੰਜਾਬ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ’ਤੇ ਸਵਾਲ ਹੈ।

ਕਿਸਾਨ ਦਿਨ-ਰਾਤ ਮਿਹਨਤ ਕਰਦਾ ਹੈ, ਫਿਰ ਵੀ ਕਰਜ਼ੇ ਤੋਂ ਮੁਕਤੀ ਮੁਸ਼ਕਲ ਹੈ। ਮਜ਼ਦੂਰ ਕੰਮ ਕਰਦਾ ਹੈ, ਪਰ ਆਮਦਨ ਨਾਲ ਘਰ ਚਲਾਉਣਾ ਔਖਾ ਹੈ। ਪਾਣੀ ਦਾ ਸੰਕਟ ਗਹਿਰਾ ਰਿਹਾ ਹੈ। ਫਿਰ ਵਿਕਾਸ ਦਾ ਮਾਡਲ ਕਿਸ ਲਈ ਹੈ?

ਇਹੋ ਜਿਹੇ ਸਵਾਲ ਪੁੱਛਣੇ ਹੀ ਪਾਸ਼ ਦੀ ਕਵਿਤਾ ਦੀ ਅਸਲ ਰੂਹ ਹੈ।

## ਪਾਸ਼ ਨੂੰ ਸਿਰਫ਼ ਸਮਾਗਮਾਂ ਤੱਕ ਨਾ ਰੱਖੋ

ਪਾਸ਼ ਦੇ ਜਨਮ ਅਤੇ ਸ਼ਹੀਦੀ ਦਿਨ ’ਤੇ ਸਮਾਗਮ ਹੁੰਦੇ ਹਨ। ਭਾਸ਼ਣ ਹੁੰਦੇ ਹਨ। ਕਵਿਤਾਵਾਂ ਪੜ੍ਹੀਆਂ ਜਾਂਦੀਆਂ ਹਨ। ਇਹ ਸਭ ਆਪਣੀ ਥਾਂ ਠੀਕ ਹੈ। ਪਰ ਜੇ ਪਾਸ਼ ਨੂੰ ਯਾਦ ਕਰਨ ਤੋਂ ਬਾਅਦ ਵੀ ਅਸੀਂ ਆਪਣੇ ਸਮੇਂ ਦੇ ਅਨਿਆਂ ’ਤੇ ਚੁੱਪ ਰਹੀਏ ਤਾਂ ਸਵਾਲ ਸਮਾਗਮਾਂ ਦੀ ਸਾਰਥਕਤਾ ’ਤੇ ਵੀ ਉੱਠੇਗਾ।


ਪਾਸ਼ ਦੀ ਵਿਰਾਸਤ ਕਿਸੇ ਮੰਚ, ਸੰਸਥਾ ਜਾਂ ਸਿਆਸੀ ਧਿਰ ਦੀ ਜਾਇਦਾਦ ਨਹੀਂ। ਉਹ ਲੋਕ-ਚੇਤਨਾ ਦਾ ਹਿੱਸਾ ਹੈ।

ਉਸ ਨੂੰ ਆਪਣੇ-ਆਪਣੇ ਖੇਮਿਆਂ ਵਿੱਚ ਵੰਡਣ ਦੀ ਬਜਾਏ ਉਸ ਦੀ ਕੇਂਦਰੀ ਗੱਲ ਨੂੰ ਸਮਝਣ ਦੀ ਲੋੜ ਹੈ ਮਨੁੱਖ ਨੂੰ ਸੋਚਣ, ਬੋਲਣ ਅਤੇ ਸਵਾਲ ਕਰਨ ਦਾ ਹੱਕ।

## ਗੋਲੀ ਸਰੀਰ ਨੂੰ ਲੱਗੀ, ਵਿਚਾਰ ਨੂੰ ਨਹੀਂ

23 ਮਾਰਚ 1988 ਨੂੰ ਪਾਸ਼ ਦੀ ਹੱਤਿਆ ਕਰ ਦਿੱਤੀ ਗਈ। ਉਸ ਦੀ ਜ਼ਿੰਦਗੀ ਰੋਕ ਦਿੱਤੀ ਗਈ, ਪਰ ਉਸ ਦੀ ਕਵਿਤਾ ਨਹੀਂ ਰੁਕੀ। ਸਮਾਂ ਬਦਲ ਗਿਆ। ਸਰਕਾਰਾਂ ਬਦਲ ਗਈਆਂ। ਸਿਆਸੀ ਨਾਅਰੇ ਬਦਲ ਗਏ। ਪਰ ਬੇਇਨਸਾਫ਼ੀ, ਅਸਮਾਨਤਾ ਅਤੇ ਮਨੁੱਖੀ ਆਜ਼ਾਦੀ ਦੇ ਸਵਾਲ ਅਜੇ ਵੀ ਮੌਜੂਦ ਹਨ।

ਇਸੇ ਕਰਕੇ ਪਾਸ਼ ਅੱਜ ਵੀ ਪੜ੍ਹਿਆ ਜਾਂਦਾ ਹੈ।



ਕਵੀ ਨੂੰ ਮਾਰਿਆ ਜਾ ਸਕਦਾ ਹੈ। ਸਵਾਲ ਨੂੰ ਨਹੀਂ।

## ਪਾਸ਼ ਦੀ ਅਸਲ ਸ਼ਰਧਾਂਜਲੀ

9 ਸਤੰਬਰ ਨੂੰ ਪਾਸ਼ ਨੂੰ ਯਾਦ ਕਰਦਿਆਂ ਸਾਨੂੰ ਇਹ ਤੈਅ ਕਰਨਾ ਪਵੇਗਾ ਕਿ ਅਸੀਂ ਉਸ ਨੂੰ ਸਿਰਫ਼ ਇੱਕ ਮਹਾਨ ਕਵੀ ਵਜੋਂ ਯਾਦ ਕਰਨਾ ਹੈ ਜਾਂ ਉਸ ਦੀ ਸੋਚ ਨੂੰ ਆਪਣੇ ਸਮੇਂ ਵਿੱਚ ਜਿਉਂਦਾ ਰੱਖਣਾ ਹੈ।

ਸੱਤਾ ਕੋਈ ਵੀ ਹੋਵੇ ਸਵਾਲ ਹੋਣੇ ਚਾਹੀਦੇ ਹਨ।

ਨੀਤੀ ਕੋਈ ਵੀ ਹੋਵੇ ਲੋਕਾਂ ਦੇ ਹਿੱਤ ਦੀ ਕਸੌਟੀ ’ਤੇ ਪਰਖੀ ਜਾਣੀ ਚਾਹੀਦੀ ਹੈ।

ਵਿਕਾਸ ਦਾ ਦਾਅਵਾ ਕੋਈ ਵੀ ਕਰੇ ਇਹ ਵੇਖਣਾ ਪਵੇਗਾ ਕਿ ਉਸ ਦਾ ਲਾਭ ਕਿਸ ਨੂੰ ਅਤੇ ਨੁਕਸਾਨ ਕਿਸ ਨੂੰ ਹੋ ਰਿਹਾ ਹੈ।

ਪਾਸ਼ ਦੀ ਸਭ ਤੋਂ ਵੱਡੀ ਵਿਰਾਸਤ ਕੋਈ ਕਵਿਤਾ ਨਹੀਂ, ਸਵਾਲ ਕਰਨ ਦੀ ਹਿੰਮਤ ਹੈ।

ਇਸ ਲਈ ਪਾਸ਼ ਨੂੰ ਯਾਦ ਕਰਨ ਦਾ ਸਹੀ ਤਰੀਕਾ ਫੁੱਲ ਚੜ੍ਹਾਉਣਾ ਨਹੀਂ। ਉਸ ਦੇ ਸਵਾਲਾਂ ਨੂੰ ਜਿਉਂਦਾ ਰੱਖਣਾ ਹੈ।

ਪਾਸ਼ ਚੁੱਪ ਨਹੀਂ ਹੋਇਆ। ਉਹ ਅੱਜ ਵੀ ਹਰ ਉਸ ਥਾਂ ਬੋਲਦਾ ਹੈ, ਜਿੱਥੇ ਕੋਈ ਮਨੁੱਖ ਅਨਿਆਂ ਦੇ ਸਾਹਮਣੇ ਖੜ੍ਹ ਕੇ ਪੁੱਛਦਾ ਹੈ ‘ਕਿਉਂ?’






ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।





ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# ਧੁੱਪ ਅਤੇ ਵਿਟਾਮਿਨ ਡੀ ਦੀ ਸਾਂਝ



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

ਅਸੀਂ ਅਕਸਰ ਇਹ ਸੁਣਦੇ ਹਾਂ ਕਿ ਧੁੱਪ ਵਿਟਾਮਿਨ ਡੀ ਦਾ ਸਰੋਤ ਹੈ। ਇਹ ਗੱਲ ਆਮ ਬੋਲਚਾਲ ਵਿੱਚ ਬਿਲਕੁਲ ਸਹੀ ਜਾਪਦੀ ਹੈ, ਪਰ ਵਿਗਿਆਨਕ ਤੌਰ 'ਤੇ ਇਸ ਵਿੱਚ ਥੋੜ੍ਹੀ ਸੋਧ ਦੀ ਲੋੜ ਹੈ। ਅਸਲ ਵਿੱਚ ਧੁੱਪ ਸਿੱਧੇ ਤੌਰ 'ਤੇ ਵਿਟਾਮਿਨ ਡੀ ਸਾਡੇ ਸਰੀਰ ਵਿੱਚ ਨਹੀਂ ਪਹੁੰਚਾਉਂਦੀ। ਸੂਰਜੀ ਰੌਸ਼ਨੀ ਦਾ ਇੱਕ ਵਿਸ਼ੇਸ਼ ਹਿੱਸਾ ਪਰਾ ਬੈਂਗਣੀ-ਬੀ (ੂੜ-ਭ) ਕਿਰਨਾਂ—ਸਾਡੀ ਚਮੜੀ ਵਿੱਚ ਮੌਜੂਦ ਇੱਕ ਪਦਾਰਥ ਨੂੰ ਬਦਲਣ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਦਾ ਹੈ। ਇਸ ਪ੍ਰਕਿਰਿਆ ਰਾਹੀਂ ਸਾਡਾ ਸਰੀਰ ਖੁਦ ਵਿਟਾਮਿਨ ਡੀ ਤਿਆਰ ਕਰਦਾ ਹੈ। ਇਸੇ ਕਾਰਨ ਵਿਟਾਮਿਨ ਡੀ ਨੂੰ ਅਕਸਰ ਸਨਸ਼ਾਈਨ ਵਿਟਾਮਿਨ ਕਿਹਾ ਜਾਂਦਾ ਹੈ।

ਮਨੁੱਖੀ ਚਮੜੀ ਵਿੱਚ ਕੁਦਰਤੀ ਤੌਰ 'ਤੇ 7-ਡੀਹਾਈਡ੍ਰੋਕੋਲੇਸਟਰੋਲ ਨਾਮਕ ਪਦਾਰਥ ਮੌਜੂਦ ਹੁੰਦਾ ਹੈ। ਜਦੋਂ ਸੂਰਜ ਦੀਆਂ ਪਰਾ ਬੈਂਗਣੀ (ੂੜ-ਭ) ਕਿਰਨਾਂ ਚਮੜੀ ਤੱਕ ਪਹੁੰਚਦੀਆਂ ਹਨ ਤਾਂ ਉਹ ਇਸ ਪਦਾਰਥ ਨੂੰ ਊਰਜਾ ਪ੍ਰਦਾਨ ਕਰਦੀਆਂ ਹਨ ਅਤੇ ਇਹ ਪ੍ਰੀਵਿਟਾਮਿਨ ਡੀ ਵਿੱਚ ਬਦਲ ਜਾਂਦਾ ਹੈ। ਸਰੀਰ ਦੀ ਗਰਮੀ ਕਾਰਨ ਅੱਗੇ ਇਹ ਵਿਟਾਮਿਨ ਡੀ (ਕੋਲੇਕੈਲਸੀਫੇਰੋਲ) ਵਿੱਚ ਤਬਦੀਲ ਹੋ ਜਾਂਦਾ ਹੈ। ਪਰ ਇੱਥੇ ਵਿਟਾਮਿਨ ਡੀ ਦੀ ਕਹਾਣੀ ਖ਼ਤਮ ਨਹੀਂ ਹੁੰਦੀ। ਚਮੜੀ ਵਿੱਚ ਬਣਿਆ ਵਿਟਾਮਿਨ ਡੀ ਖ਼ੂਨ ਰਾਹੀਂ ਪਹਿਲਾਂ ਜਿਗਰ ਤੱਕ ਪਹੁੰਚਦਾ ਹੈ, ਜਿੱਥੇ ਇਹ 25-ਹਾਈਡ੍ਰੋਕਸੀਵਿਟਾਮਿਨ ਡੀ ਜਾਂ ਕੈਲਸੀਡੀਓਲ ਵਿੱਚ ਬਦਲਦਾ ਹੈ। ਇਹ ਵਿਟਾਮਿਨ ਡੀ ਦਾ ਉਹ ਰੂਪ ਹੈ ਜਿਸ ਨੂੰ ਆਮ ਤੌਰ 'ਤੇ ਖ਼ੂਨ ਦੀ ਜਾਂਚ ਵਿੱਚ ਮਾਪਿਆ ਜਾਂਦਾ ਹੈ।

ਇਸ ਤੋਂ ਬਾਅਦ ਇਹ ਗੁਰਦਿਆਂ ਤੱਕ ਪਹੁੰਚਦਾ ਹੈ, ਜਿੱਥੇ ਇਹ ਆਪਣੇ ਸਰਗਰਮ ਰੂਪ ਕੈਲਸੀਟ੍ਰਾਇਓਲ ਵਿੱਚ ਤਬਦੀਲ ਹੁੰਦਾ ਹੈ। ਇਹ ਸਰਗਰਮ ਰੂਪ ਸਰੀਰ ਵਿੱਚ ਕੈਲਸ਼ੀਅਮ ਅਤੇ ਫਾਸਫੇਟ ਦੇ ਸੰਤੁਲਨ ਨੂੰ ਕਾਇਮ ਰੱਖਣ ਅਤੇ ਹੱਡੀਆਂ ਤੇ ਮਾਸਪੇਸ਼ੀਆਂ ਦੀ ਸਿਹਤ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਇੱਥੇ ਇੱਕ ਦਿਲਚਸਪ ਵਿਗਿਆਨਕ ਸਵਾਲ ਉੱਠਦਾ ਹੈ ਕੀ ਧੁੱਪ ਵਿਟਾਮਿਨ ਡੀ ਬਣਾਉਣ ਲਈ ਉਤਪ੍ਰੇਰਕ ਹੈ?

ਰੋਜ਼ਮਰ੍ਹਾ ਦੀ ਭਾਸ਼ਾ ਵਿੱਚ ਅਸੀਂ ਧੁੱਪ ਨੂੰ ਵਿਟਾਮਿਨ ਡੀ ਦੀ ਬਣਤਰ ਲਈ ਉਤਪ੍ਰੇਰਕ"ਮ ਕਹਿ ਸਕਦੇ ਹਾਂ, ਕਿਉਂਕਿ ਇਹ ਪ੍ਰਕਿਰਿਆ ਦੀ ਸ਼ੁਰੂਆਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਰ ਰਸਾਇਣ ਵਿਗਿਆਨ ਦੀ ਸਖ਼ਤ ਪਰਿਭਾਸ਼ਾ ਅਨੁਸਾਰ ਧੁੱਪ ਖੁਦ ਉਤਪ੍ਰੇਰਕ ਨਹੀਂ ਹੈ।

ਉਤਪ੍ਰੇਰਕ ਉਹ ਪਦਾਰਥ ਹੁੰਦਾ ਹੈ ਜੋ ਕਿਸੇ ਰਸਾਇਣਕ ਕਿਰਿਆ ਦੀ ਗਤੀ ਵੱਧਾਉਂਦਾ ਹੈ ਪਰ ਖੁਦ ਉਸ ਕਿਰਿਆ ਵਿੱਚ ਖ਼ਰਚ ਨਹੀਂ ਹੁੰਦਾ। ਇਸ ਦੇ ਉਲਟ, ਪਰਾ ਬੈਂਗਣੀ ਬੀ ਕਿਰਨਾਂ (ੂੜ-ਭ) ਕਿਰਨਾਂ ਚਮੜੀ ਵਿੱਚ ਹੋਣ ਵਾਲੀ ਫੋਟੋਕੈਮੀਕਲ ਕਿਰਿਆ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਦੀਆਂ ਹਨ। ਇਸ ਲਈ ਵਿਗਿਆਨਕ ਤੌਰ 'ਤੇ ਸਭ ਤੋਂ ਸਹੀ ਕਥਨ ਇਹ ਹੋਵੇਗਾ ਧੁੱਪ ਵਿਟਾਮਿਨ ਡੀ ਦਾ ਸਿੱਧਾ ਸਰੋਤ ਨਹੀਂ ਹੈ; ਸੂਰਜੀ ਰੌਸ਼ਨੀ ਦੀਆਂ ਪਰਾ ਬੈਂਗਣੀ ਬੀ ਕਿਰਨਾਂ ੂੜ-ਭ ਕਿਰਨਾਂ ਚਮੜੀ ਵਿੱਚ ਮੌਜੂਦ ਪੂਰਵ-ਪਦਾਰਥ ਤੋਂ ਵਿਟਾਮਿਨ ਡੀ ਬਣਾਉਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਦੀਆਂ ਹਨ।

ਵਿਟਾਮਿਨ ਡੀ ਸਾਡੇ ਸਰੀਰ ਲਈ ਬੇਹੱਦ ਮਹੱਤਵਪੂਰਨ ਹੈ। ਇਸ ਦਾ ਸਭ ਤੋਂ ਪ੍ਰਸਿੱਧ ਕੰਮ ਸਰੀਰ ਨੂੰ ਕੈਲਸ਼ੀਅਮ ਅਤੇ ਫਾਸਫੋਰਸ ਜਜ਼ਬ ਕਰਨ ਵਿੱਚ ਮਦਦ ਕਰਨਾ ਹੈ। ਇਹ ਦੋਵੇਂ ਖਣਿਜ ਮਜ਼ਬੂਤ ਹੱਡੀਆਂ ਅਤੇ ਦੰਦਾਂ ਲਈ ਜ਼ਰੂਰੀ ਹਨ।

ਇਸ ਤੋਂ ਇਲਾਵਾ ਵਿਟਾਮਿਨ ਡੀ ਆਮ ਮਾਸਪੇਸ਼ੀ ਕਾਰਜ ਅਤੇ ਰੋਗ-ਪ੍ਰਤੀਰੋਧਕ ਪ੍ਰਣਾਲੀ ਦੇ ਸਹੀ ਕੰਮ ਵਿੱਚ ਵੀ ਯੋਗਦਾਨ ਪਾਉਂਦਾ ਹੈ। ਬਚਪਨ ਅਤੇ ਕਿਸ਼ੋਰ ਅਵਸਥਾ ਵਿੱਚ ਇਸ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ ਕਿਉਂਕਿ ਇਸ ਸਮੇਂ ਹੱਡੀਆਂ ਦਾ ਵਿਕਾਸ ਤੇਜ਼ੀ ਨਾਲ ਹੁੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲੀ ਗੰਭੀਰ ਘਾਟ ਬੱਚਿਆਂ ਵਿੱਚ ਰਿਕੇਟਸ ਵਰਗੀ ਹੱਡੀਆਂ ਦੀ ਬਿਮਾਰੀ ਦਾ ਕਾਰਨ ਬਣ ਸਕਦੀ ਹੈ, ਜਦਕਿ ਵੱਡਿਆਂ ਵਿੱਚ ਇਹ ਓਸਟੀਓਮਲੇਸ਼ੀਆ ਵਰਗੀ ਸਥਿਤੀ ਨਾਲ ਜੁੜ ਸਕਦੀ ਹੈ, ਜਿਸ ਵਿੱਚ ਹੱਡੀਆਂ ਕਮਜ਼ੋਰ ਅਤੇ ਨਰਮ ਹੋ ਜਾਂਦੀਆਂ ਹਨ।

ਫਿਰ ਧੁੱਪ ਦੇ ਬਾਵਜੂਦ ਵਿਟਾਮਿਨ ਡੀ ਦੀ ਘਾਟ ਕਿਉਂ?

ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਸਾਲ ਦੇ ਵੱਡੇ ਹਿੱਸੇ ਦੌਰਾਨ ਸੂਰਜੀ ਰੌਸ਼ਨੀ ਪ੍ਰਚੁਰ ਮਾਤਰਾ ਵਿੱਚ ਮਿਲਦੀ ਹੈ, ਵਿਟਾਮਿਨ ਡੀ ਦੀ ਘਾਟ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਗਿਣਤੀ ਹੈਰਾਨ ਕਰ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਵਿਟਾਮਿਨ ਡੀ ਦੀ ਬਣਤਰ ਸਿਰਫ਼ ਧੁੱਪ ਦੀ ਉਪਲੱਬਧਤਾ 'ਤੇ ਨਿਰਭਰ ਨਹੀਂ ਕਰਦੀ। ਚਮੜੀ ਦਾ ਰੰਗ, ਉਮਰ, ਮੌਸਮ, ਭੂਗੋਲਿਕ ਸਥਿਤੀ, ਕੱਪੜਿਆਂ ਨਾਲ ਢੱਕੀ ਚਮੜੀ, ਘਰ ਦੇ ਅੰਦਰ ਬਿਤਾਇਆ ਸਮਾਂ, ਹਵਾ ਪ੍ਰਦੂਸ਼ਣ, ਬੱਦਲ ਅਤੇ ਛਾਂ ਆਦਿ ਵੀ ਇਸ ਨੂੰ ਪ੍ਰਭਾਵਿਤ ਕਰਦੇ ਹਨ। ਚਮੜੀ ਵਿੱਚ ਮੌਜੂਦ ਮੇਲਾਨਿਨ ਪਰਾ ਬੈਂਗਣੀ ਬੀ ਕਿਰਨਾਂ ਦੇ ਅੰਦਰ ਜਾਣ ਨੂੰ ਘਟਾਉਂਦਾ ਹੈ। ਇਸ ਕਰਕੇ ਗੂੜ੍ਹੀ ਚਮੜੀ ਵਾਲੇ ਵਿਅਕਤੀਆਂ ਨੂੰ ਸਮਾਨ ਮਾਤਰਾ ਵਿੱਚ ਵਿਟਾਮਿਨ ਡੀ ਬਣਾਉਣ ਲਈ ਆਮ ਤੌਰ 'ਤੇ ਵੱਧ ਪਰਾ ਬੈਂਗਣੀ ਬੀ ਕਿਰਨਾਂ ਦੇ ਸੰਪਰਕ ਦੀ ਲੋੜ ਹੋ ਸਕਦੀ ਹੈ। ਉਮਰ ਵੱਧਣ ਨਾਲ ਵੀ ਚਮੜੀ ਦੀ ਵਿਟਾਮਿਨ ਡੀ ਬਣਾਉਣ ਦੀ ਸਮਰੱਥਾ ਘਟ ਸਕਦੀ ਹੈ। ਅੱਜ ਦੀ ਜੀਵਨ-ਸ਼ੈਲੀ ਵੀ ਇੱਕ ਵੱਡਾ ਕਾਰਕ ਹੈ। ਪੜ੍ਹਾਈ, ਨੌਕਰੀ, ਮਨੋਰੰਜਨ ਅਤੇ ਡਿਜ਼ੀਟਲ ਉਪਕਰਨਾਂ ਕਾਰਨ ਲੋਕ ਆਪਣਾ ਵੱਡਾ ਸਮਾਂ ਘਰਾਂ ਅਤੇ ਦਫ਼ਤਰਾਂ ਅੰਦਰ ਬਿਤਾਉਂਦੇ ਹਨ। ਸ਼ਹਿਰੀ ਹਵਾ ਪ੍ਰਦੂਸ਼ਣ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਵੀ ਪਰਾ ਬੈਂਗਣੀ ਬੀ ਕਿਰਨਾਂ ਸੰਪਰਕ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇੱਕ ਆਮ ਗਲਤਫ਼ਹਿਮੀ ਇਹ ਵੀ ਹੈ ਕਿ ਜੇ ਅਸੀਂ ਖਿੜਕੀ ਕੋਲ ਬੈਠ ਕੇ ਧੁੱਪ ਲੈ ਲਈਏ ਤਾਂ ਵਿਟਾਮਿਨ ਡੀ ਬਣ ਜਾਵੇਗਾ।

ਪਰ ਆਮ ਕੱਚ ਪਰਾ ਬੈਂਗਣੀ ਬੀ ਕਿਰਨਾਂ ਦਾ ਵੱਡਾ ਹਿੱਸਾ ਰੋਕ ਦਿੰਦਾ ਹੈ। ਇਸ ਲਈ ਖਿੜਕੀ ਰਾਹੀਂ ਆਉਂਦੀ ਰੌਸ਼ਨੀ ਕਮਰੇ ਨੂੰ ਰੌਸ਼ਨ ਅਤੇ ਗਰਮ ਤਾਂ ਕਰ ਸਕਦੀ ਹੈ, ਪਰ ਇਹ ਆਮ ਤੌਰ 'ਤੇ ਵਿਟਾਮਿਨ ਡੀ ਦੀ ਮਹੱਤਵਪੂਰਨ ਮਾਤਰਾ ਬਣਾਉਣ ਲਈ ਲੋੜੀਂਦਾ ਪਰਾ ਬੈਂਗਣੀ ਬੀ ਕਿਰਨਾਂ ਦਾ ਸੰਪਰਕ ਪ੍ਰਦਾਨ ਨਹੀਂ ਕਰਦੀ। ਇੱਥੇ ਸਭ ਤੋਂ ਮਹੱਤਵਪੂਰਨ ਸੰਦੇਸ਼ ਇਹ ਹੈ ਕਿ ਵੱਧ ਧੁੱਪ = ਵੱਧ ਵਿਟਾਮਿਨ ਡੀ ਵਾਲਾ ਸਿਧਾਂਤ ਸਹੀ ਨਹੀਂ ਹੈ। ਚਮੜੀ ਦੀ ਵਿਟਾਮਿਨ ਡੀ ਬਣਾਉਣ ਦੀ ਸਮਰੱਥਾ ਇੱਕ ਹੱਦ ਤੋਂ ਬਾਅਦ ਸੀਮਿਤ ਹੋ ਜਾਂਦੀ ਹੈ। ਇਸ ਤੋਂ ਬਾਅਦ ਵੱਧ ਪਰਾ ਬੈਂਗਣੀ ਬੀ ਕਿਰਨਾਂ ਨਾਲ ਵਿਟਾਮਿਨ ਡੀ ਦੀ ਮਾਤਰਾ ਲਗਾਤਾਰ ਨਹੀਂ ਵੱਧਦੀ, ਸਗੋਂ ਚਮੜੀ ਨੂੰ ਨੁਕਸਾਨ ਹੋ ਸਕਦਾ ਹੈ। ਲੋੜ ਤੋਂ ਵੱਧ ਪਰਾ ਬੈਂਗਣੀ ਬੀ ਕਿਰਨਾਂ ਦਾ ਸੰਪਰਕ ਨਾਲ ਚਮੜੀ ਦਾ ਝੁਲਸਣਾ, ਸਮੇਂ ਤੋਂ ਪਹਿਲਾਂ ਚਮੜੀ ਦਾ ਬੁੱਢਾ ਹੋਣਾ ਅਤੇ ਡੀ ਐਨ ਏ ਨੂੰ ਨੁਕਸਾਨ ਹੋ ਸਕਦਾ ਹੈ। ਲੰਬੇ ਸਮੇਂ ਤੱਕ ਬੇਹੱਦ ਪਰਾ ਬੈਂਗਣੀ ਬੀ ਕਿਰਨਾਂ ਦਾ ਸੰਪਰਕ ਚਮੜੀ ਦੇ ਕੈਂਸਰ ਦੇ ਖ਼ਤਰੇ ਨੂੰ ਵੀ ਵੱਧਾ ਸਕਦਾ ਹੈ। ਇਸ ਲਈ ਵਿਟਾਮਿਨ ਡੀ ਲਈ ਜਾਣ-ਬੁੱਝ ਕੇ ਤਿੱਖੀ ਧੁੱਪ ਵਿੱਚ ਲੰਬੇ ਸਮੇਂ ਤੱਕ ਬੈਠਣਾ ਕੋਈ ਸਮਝਦਾਰੀ ਵਾਲੀ ਰਣਨੀਤੀ ਨਹੀਂ ਹੈ। ਸੰਤੁਲਿਤ ਅਤੇ ਸੁਰੱਖਿਅਤ ਧੁੱਪ ਸੰਪਰਕ ਹੀ ਬਿਹਤਰ ਰਾਹ ਹੈ। ਭਾਵੇਂ ਸੂਰਜੀ ਪਰਾ ਬੈਂਗਣੀ ਬੀ ਕਿਰਨਾਂ ਵਿਟਾਮਿਨ ਡੀ ਬਣਾਉਣ ਦਾ ਮਹੱਤਵਪੂਰਨ ਕੁਦਰਤੀ ਸਾਧਨ ਹੈ, ਪਰ ਇਹ ਇਸ ਦਾ ਇਕੱਲਾ ਸਰੋਤ ਨਹੀਂ। ਕੁਝ ਭੋਜਨ ਪਦਾਰਥਾਂ ਵਿੱਚ ਵੀ ਵਿਟਾਮਿਨ ਡੀ ਮਿਲਦਾ ਹੈ। ਸੈਲਮਨ, ਸਾਰਡੀਨ ਅਤੇ ਮੈਕਰਲ ਵਰਗੀਆਂ ਚਰਬੀ ਵਾਲੀਆਂ ਮੱਛੀਆਂ ਇਸ ਦੇ ਚੰਗੇ ਕੁਦਰਤੀ ਸਰੋਤ ਹਨ। ਅੰਡੇ ਦੀ ਜ਼ਰਦੀ ਵਿੱਚ ਵੀ ਕੁਝ ਮਾਤਰਾ ਮਿਲਦੀ ਹੈ। ਕਈ ਦੇਸ਼ਾਂ ਵਿੱਚ ਦੁੱਧ, ਪੌਧੇ-ਆਧਾਰਿਤ ਪੀਣ ਵਾਲੇ ਪਦਾਰਥਾਂ ਅਤੇ ਅਨਾਜ ਵਰਗੇ ਭੋਜਨਾਂ ਨੂੰ ਵਿਟਾਮਿਨ ਡੀ ਨਾਲ ਫੋਰਟੀਫਾਈ ਕੀਤਾ ਜਾਂਦਾ ਹੈ। ਜਿੱਥੇ ਖੁਰਾਕ ਅਤੇ ਧੁੱਪ ਤੋਂ ਲੋੜੀਂਦੀ ਮਾਤਰਾ ਪੂਰੀ ਨਹੀਂ ਹੁੰਦੀ ਜਾਂ ਡਾਕਟਰੀ ਜਾਂਚ ਰਾਹੀਂ ਘਾਟ ਦੀ ਪੁਸ਼ਟੀ ਹੋਵੇ, ਉੱਥੇ ਡਾਕਟਰੀ ਸਲਾਹ ਅਨੁਸਾਰ ਵਿਟਾਮਿਨ ਡੀ ਸਪਲੀਮੈਂਟ ਵੀ ਵਰਤੇ ਜਾ ਸਕਦੇ ਹਨ। ਪਰ ਬਿਨਾਂ ਸਲਾਹ ਦੇ ਇਸ ਦੀ ਵੱਧ ਮਾਤਰਾ ਲੈਣਾ ਠੀਕ ਨਹੀਂ, ਕਿਉਂਕਿ ਵਿਟਾਮਿਨ ਡੀ ਚਰਬੀ ਵਿੱਚ ਘੁਲਣ ਵਾਲਾ ਵਿਟਾਮਿਨ ਹੈ ਅਤੇ ਇਸ ਦੀ ਵੱਧ ਮਾਤਰਾ ਵੀ ਸਰੀਰ ਲਈ ਹਾਨੀਕਾਰਕ ਹੋ ਸਕਦੀ ਹੈ।

ਬੱਚਿਆਂ ਨੂੰ ਸਿਹਤਮੰਦ ਬਾਹਰੀ ਗਤੀਵਿਧੀਆਂ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਖੁੱਲ੍ਹੇ ਮੈਦਾਨ ਵਿੱਚ ਖੇਡਣਾ, ਤਾਜ਼ੀ ਹਵਾ ਵਿੱਚ ਸਮਾਂ ਬਿਤਾਉਣਾ ਅਤੇ ਸਰੀਰਕ ਸਰਗਰਮੀ ਉਨ੍ਹਾਂ ਦੀ ਸਮੁੱਚੀ ਸਿਹਤ ਲਈ ਲਾਭਦਾਇਕ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਬੱਚਿਆਂ ਨੂੰ ਤਿੱਖੀ ਧੁੱਪ ਵਿੱਚ ਲੰਬੇ ਸਮੇਂ ਲਈ ਬਿਨਾਂ ਸੁਰੱਖਿਆ ਦੇ ਰੱਖਿਆ ਜਾਵੇ। ਲੋੜ ਅਨੁਸਾਰ ਛਾਂ, ਕੱਪੜਿਆਂ ਅਤੇ ਸਨਸਕ੍ਰੀਨ ਸਮੇਤ ਉਚਿਤ ਸੂਰਜੀ ਸੁਰੱਖਿਆ ਵਰਤੀ ਜਾਣੀ ਚਾਹੀਦੀ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਵਿਅਕਤੀ ਲਈ ਹਰ ਰੋਜ਼ ਧੁੱਪ ਵਿੱਚ ਬੈਠਣ ਦੇ ਇੰਨੇ ਹੀ ਮਿੰਟ ਵਾਲਾ ਕੋਈ ਇੱਕ ਸਰਵਵਿਆਪੀ ਨਿਯਮ ਨਹੀਂ ਹੈ। ਲੋੜੀਂਦਾ ਪਰਾ ਬੈਂਗਣੀ ਬੀ ਕਿਰਨਾਂ ਦਾ ਸੰਪਰਕ ਚਮੜੀ ਦੀ ਕਿਸਮ, ਮੌਸਮ, ਭੂਗੋਲਿਕ ਸਥਿਤੀ, ਦਿਨ ਦੇ ਸਮੇਂ, ਕੱਪੜਿਆਂ ਅਤੇ ਮੌਸਮੀ ਹਾਲਾਤਾਂ ਅਨੁਸਾਰ ਬਦਲਦਾ ਹੈ।


ਵਿਟਾਮਿਨ ਡੀ ਦੀ ਬਣਤਰ ਮਨੁੱਖੀ ਸਰੀਰ ਅਤੇ ਵਾਤਾਵਰਣ ਵਿਚਕਾਰ ਅਦਭੁੱਤ ਤਾਲਮੇਲ ਦੀ ਇੱਕ ਸ਼ਾਨਦਾਰ ਉਦਾਹਰਨ ਹੈ। ਸਰੀਰ ਦੀ ਚਮੜੀ ਵਿੱਚ ਇਸ ਪ੍ਰਕਿਰਿਆ ਲਈ ਲੋੜੀਂਦਾ ਕੱਚਾ ਪਦਾਰਥ ਪਹਿਲਾਂ ਹੀ ਮੌਜੂਦ ਹੁੰਦਾ ਹੈ। ਸੂਰਜ ਦੀਆਂ ਪਰਾ ਬੈਂਗਣੀ ਬੀ ਕਿਰਨਾਂ ਇਸ ਨੂੰ ਬਦਲਣ ਲਈ ਊਰਜਾ ਦਿੰਦੀਆਂ ਹਨ ਅਤੇ ਫਿਰ ਜਿਗਰ ਤੇ ਗੁਰਦੇ ਇਸ ਨੂੰ ਸਰੀਰ ਲਈ ਸਰਗਰਮ ਰੂਪ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਪੂਰੀ ਕਰਦੇ ਹਨ।

ਇਸ ਲਈ ਸਵਾਲ "ਧੁੱਪ ਵਿਟਾਮਿਨ ਡੀ ਦਾ ਸਰੋਤ ਹੈ ਜਾਂ ਉਤਪ੍ਰੇਰਕ?" ਦਾ ਸਭ ਤੋਂ ਸਹੀ ਜਵਾਬ ਇਹ ਹੈ:

ਧੁੱਪ ਖੁਦ ਵਿਟਾਮਿਨ ਡੀ ਦਾ ਸਿੱਧਾ ਸਰੋਤ ਨਹੀਂ ਹੈ। ਸੂਰਜੀ ਰੌਸ਼ਨੀ ਦੀਆਂ ਪਰਾ ਬੈਂਗਣੀ ਬੀ ਕਿਰਨਾਂ ਚਮੜੀ ਵਿੱਚ ਮੌਜੂਦ ਇੱਕ ਪੂਰਵ-ਪਦਾਰਥ ਤੋਂ ਵਿਟਾਮਿਨ ਡੀ ਬਣਾਉਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਲੋੜੀਂਦੀ ਊਰਜਾ ਪ੍ਰਦਾਨ ਕਰਦੀਆਂ ਹਨ। ਇਸ ਲਈ ਸਨਸ਼ਾਈਨ ਵਿਟਾਮਿਨ ਕਹਿਣਾ ਗਲਤ ਨਹੀਂ, ਪਰ ਇਸ ਦੇ ਪਿੱਛੇ ਦੀ ਵਿਗਿਆਨਕ ਸੱਚਾਈ ਹੋਰ ਵੀ ਦਿਲਚਸਪ ਹੈ। ਅਸੀਂ ਵਿਟਾਮਿਨ ਡੀ ਨੂੰ ਧੁੱਪ ਤੋਂ ਖੁਰਾਕ ਵਾਂਗ ਸਿੱਧਾ ਨਹੀਂ ਲੈਂਦੇ; ਸਾਡੀ ਚਮੜੀ ਸੂਰਜੀ ਊਰਜਾ ਦੀ ਮਦਦ ਨਾਲ ਇਸ ਦੀ ਰਚਨਾ ਕਰਦੀ ਹੈ।

ਕੁਦਰਤ ਨੇ ਮਨੁੱਖੀ ਸਰੀਰ ਵਿੱਚ ਇੱਕ ਸੂਰਜੀ ਊਰਜਾ ਨਾਲ ਚੱਲਣ ਵਾਲੀ ਜੈਵ-ਰਸਾਇਣਕ ਪ੍ਰਣਾਲੀ ਤਿਆਰ ਕੀਤੀ ਹੈ। ਆਧੁਨਿਕ ਸਮਾਜ ਲਈ ਚੁਣੌਤੀ ਇਹ ਨਹੀਂ ਕਿ ਅਸੀਂ ਵੱਧ ਤੋਂ ਵੱਧ ਧੁੱਪ ਹਾਸਲ ਕਰੀਏ, ਬਲਕਿ ਇਹ ਹੈ ਕਿ ਵਿਟਾਮਿਨ ਡੀ ਦੀ ਲੋੜ ਅਤੇ ਲੋੜ ਤੋਂ ਵੱਧ ਪਰਾ ਬੈਂਗਣੀ ਬੀ ਕਿਰਨਾਂ ਤੋਂ ਸੁਰੱਖਿਆ ਵਿਚਕਾਰ ਸਹੀ ਸੰਤੁਲਨ ਕਾਇਮ ਕੀਤਾ ਜਾਵੇ।

ਧੁੱਪ ਸਾਨੂੰ ਵਿਟਾਮਿਨ ਡੀ ਨਹੀਂ ਦਿੰਦੀ ਇਹ ਸਾਡੇ ਸਰੀਰ ਨੂੰ ਵਿਟਾਮਿਨ ਡੀ ਬਣਾਉਣ ਵਿੱਚ ਮਦਦ ਕਰਦੀ ਹੈ।






CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com



ਬਰਜਿੰਦਰ ਕੌਰ ਬਿਸਰਾਓ
99889-01324

# 'ਆਤਮਹੱਤਿਆ ਅਤੇ ਆਤਮ ਦਰਸ਼ਨ'
# (ਵਿਸ਼ਵ ਆਤਮਹੱਤਿਆ ਰੋਕਥਾਮ ਦਿਵਸ) ਨੂੰ ਸਮਰਪਿਤ ਕਹਾਣੀ

ਰਾਤ ਨੂੰ ਸੌਣ ਸਮੇਂ ਮੈਂ ਫ਼ੋਨ ਤੇ ਆਤਮ ਗਿਆਨ ਅਤੇ ਪਰਮਾਤਮ ਗਿਆਨ ਦੀਆਂ ਗੱਲਾਂ ਸੁਣਨ ਲੱਗੀ। ਉਸ ਵਿੱਚ ਗੱਲ ਆਤਮਹੱਤਿਆ ਦੀ ਚੱਲ ਪਈ। ਆਤਮਹੱਤਿਆ ਕਰਨ ਵਾਲੇ ਲੋਕਾਂ ਦੇ ਮਰਨ ਤੋਂ ਬਾਅਦ ਆਤਮਾ ਦੇ ਅੱਗੇ ਜਾ ਕੇ ਹੋਣ ਵਾਲੇ ਹਲਾਤਾਂ ਬਾਰੇ ਗੱਲ ਸ਼ੁਰੂ ਹੋਈ । ਮੈਂ ਅਧਸੁੱਤੀ ਜਿਹੀ ਸਭ ਸੁਣ ਰਹੀ ਸੀ,ਉਹ ਗੱਲਾਂ ਮੇਰੇ ਕੰਨੀਂ ਪੈ ਰਹੀਆਂ ਸਨ।

ਸੁਣਦੀ ਸੁਣਦੀ ਉਹਨਾਂ ਦੇ ਨਾਲ ਹੀ ਮੈਂ ਵੀ ਆਪਣੀ ਆਤਮ ਯਾਤਰਾ ਤੇ ਨਿਕਲ ਪਈ। ਦੁਨੀਆਂ ਵਿੱਚ ਜੋ ਆਤਮ ਹੱਤਿਆ ਦੀਆਂ ਘਟਨਾਵਾਂ ਵਾਪਰਦੀਆਂ ਹਨ ਓਹਨਾਂ ਬਾਰੇ ਗਹਿਰਾਈ ਨਾਲ਼ ਕਦ ਸੋਚਣ ਲੱਗੀ ਪਤਾ ਹੀ ਨਾ ਲੱਗਿਆ। ਮੇਰੀ ਆਤਮ ਯਾਤਰਾ ਸ਼ੁਰੂ ਹੋ ਗਈ,ਰਾਹ ਵਿੱਚ ਜਾਂਦੇ ਜਾਂਦੇ ਇੱਕ ਹਸਪਤਾਲ ਅੱਗੋਂ ਦੀ ਲੰਘਦੇ ਹੋਏ ਮੈਂ ਇੱਕ ਕੁੜੀ ਦੇਖੀ ਜੋ ਤੜਫ਼ ਤੜਫ਼ ਕੇ ਕਹਿ ਰਹੀ ਸੀ ," ਮੈਨੂੰ ਬਚਾ ਲਓ....ਸਭ ਅੱਗੇ ਹੱਥ ਜੋੜਦੀ ਆਂ .... ਅੱਗੇ ਤੋਂ ਇਹੋ ਜਿਹੀ ਗਲਤੀ ਨਹੀਂ ਕਰੂੰਗੀ...ਇੱਕ ਵਾਰ ਸਿਰਫ ਇੱਕ ਵਾਰ.... !"ਜਦ ਮੈਂ ਰੁਕ ਕੇ ਦੇਖਿਆ ਤਾਂ ਸਮਝ ਪਿਆ ਕਿ ਇਸ ਕੁੜੀ ਨੇ ਆਤਮਹੱਤਿਆ ਕੀਤੀ ਹੈ,ਬੱਸ ਉਸ ਦੀ ਆਤਮਾ ਤੜਪ ਰਹੀ ਹੈ ਕਿਉਂਕਿ ਉਹ ਉਸ ਸਰੀਰ ਨੂੰ ਬਹੁਤ ਪਿਆਰ ਕਰਦੀ ਸੀ ਪਰ ਸਰੀਰ ਨੂੰ ਖਤਮ ਕਰਨ ਵਾਲ਼ਾ ਪਦਾਰਥ ਜੋ ਉਸ ਕੁੜੀ ਨੇ ਨਿਗਲ਼ ਲਿਆ ਸੀ, ਉਹ ਉਸ ਦੇ ਸਰੀਰ ਨੂੰ ਤੇਜ਼ੀ ਨਾਲ ਖਤਮ ਕਰ ਰਿਹਾ ਸੀ।

ਦੇਖਦੇ ਹੀ ਦੇਖਦੇ ਉਹ ਸਰੀਰ ਖ਼ਤਮ ਹੋ ਗਿਆ ਤੇ ਆਤਮਾ ਤੜਫ਼ਦੀ ਹੋਈ ਉਸ ਦੇ ਆਸ ਪਾਸ ਚੱਕਰ ਲਗਾ ਰਹੀ ਸੀ ,ਉਹ ਉਸ ਵਿੱਚ ਪ੍ਰਵੇਸ਼ ਕਰਨਾ ਚਾਹੁੰਦੀ ਸੀ ਪਰ ਉਹ ਸਰੀਰ ਹੁਣ ਮਿੱਟੀ ਹੋ ਚੁੱਕਿਆ ਸੀ । ਥੋੜ੍ਹਾ ਅੱਗੇ ਨਿਕਲੀ ਤਾਂ ਇੱਕ ਨਹਿਰ ਦਾ ਪਾਣੀ ਠਾਠਾਂ ਮਾਰਦਾ ਤੇਜ਼ੀ ਨਾਲ਼ ਵਗ ਰਿਹਾ ਸੀ, ਉਸ ਵਿੱਚੋਂ ਦੋ ਹੱਥ ਹਿੱਲਦੇ ਦਿਖਾਈ ਦਿੱਤੇ ,ਜਦ ਧਿਆਨ ਨਾਲ ਸੁਣਿਆ ਤਾਂ ਉਹ ਮਨੁੱਖ ਉੱਚੀ ਉੱਚੀ ਰੌਲ਼ਾ ਪਾ ਰਿਹਾ ਸੀ ," ਕੋਈ ਕੱਢ ਲਓ ਮੈਨੂੰ....ਕੋਈ ਹੈ...... ਇੱਕ ਵਾਰੀ ਮੈਨੂੰ ਬਚਾ ਲਓ......ਹੁਣ ਮੈਂ ਜਿਊਣਾ ਚਾਹੁੰਦਾਂ ਹਾਂ.....ਬਚਾਓ.......ਬਚਾਓ......ਬਚਾਓ... ਮੈਂ ਫ਼ਿਰ ਕਦੇ ਆਤਮਹੱਤਿਆ ਕਰਨ ਦੀ....ਗਲਤੀ ਨਹੀਂ ਕਰਾਂਗਾ. !" ਕਰਦਾ ਪਾਣੀ ਦੇ ਤੇਜ਼ ਵਹਾਅ ਅੰਦਰ ਸਮਾ ਗਿਆ। ਪਤਾ ਲੱਗਿਆ ਕਿ ਉਸ ਬੰਦੇ ਨੇ ਆਪ ਛਾਲ ਮਾਰਕੇ ਖੁਦਕੁਸ਼ੀ ਕੀਤੀ ਹੈ। ਇਹ ਦੇਖ਼ ਕੇ ਪਤਾ ਲੱਗਿਆ ਕਿ ਜਿਵੇਂ ਹੀ ਜ਼ਿੰਦਗੀ ਖਤਮ ਹੋਣ ਲੱਗਦੀ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਇਹ ਜ਼ਿੰਦਗੀ ਕਿੰਨੀ ਅਨਮੋਲ ਹੈ।

ਉਸ ਤੋਂ ਵੀ ਅੱਗੇ ਮੈਂ ਇੱਕ ਅਜਿਹੀ ਦੁਨੀਆਂ ਵਿੱਚ ਪ੍ਰਵੇਸ਼ ਕੀਤਾ ਜਿੱਥੇ ਸਿਰਫ਼ ਆਤਮਾਵਾਂ ਹੀ ਘੁੰਮ ਰਹੀਆਂ ਸਨ ਤੇ ਮੈਂ ਵੀ ਇੱਕ ਆਤਮਾ ਕਿਉਂ ਕਿ ਮੈਂ ਆਤਮਾ ਦਰਸ਼ਨ ਦੇ ਦੌਰੇ ਤੇ ਨਿਕਲੀ ਹੋਈ ਸੀ। ਇੱਕ ਖੂੰਜੇ ਬੈਠੀ ਇੱਕ ਜਵਾਨ ਔਰਤ ਚੀਕਾਂ ਮਾਰ ਰਹੀ ਸੀ," ਔਹ ਦੇਖੋ , ਮੇਰੇ ਬੱਚੇ ਨੂੰ ਕਿੰਨੀ ਭੁੱਖ ਲੱਗੀ ਹੈ...? ਉਹ ਧਰਤੀ ਤੇ ਭੁੱਖ ਨਾਲ ਵਿਲਕ ਰਿਹਾ ਹੈ ਤੇ ਮੈਂ ਐਥੇ...... ! "

ਉਹ ਜਾਂਦੀ ਹੈ ਤੇ ਆਪਣੇ ਬੱਚੇ ਨੂੰ ਚੁੱਕ ਕੇ ਚੁੱਪ ਕਰਾਉਣਾ ਚਾਹੁੰਦੀ ਹੈ ਪਰ ਉਹ ਤਾਂ ਹਵਾ ਦੇ ਝੌਂਕੇ ਵਾਂਗੂੰ ਬੱਚੇ ਦੇ ਕੋਲ ਦੀ ਲੰਘ ਤਾਂ ਸਕਦੀ ਹੈ ਪਰ ਨਾ ਉਸ ਨੂੰ ਚੁੱਕ ਸਕਦੀ ਹੈ ਤੇ ਨਾ ਕੁਝ ਖਾਣ ਨੂੰ ਦੇ ਸਕਦੀ ਹੈ....ਨਾ ਉਸ ਦੀਆਂ ਤੜਫ਼ ਭਰੀਆਂ ਚੀਕਾਂ ਸੁਣਾਈ ਦਿੰਦੀਆਂ ਹਨ। ਜਿੰਨਾਂ ਦੀ ਸ਼ਹਿ ਨਾਲ ਉਸ ਨੇ ਆਤਮਹੱਤਿਆ ਕੀਤੀ ਸੀ ਉਹ ਦੂਜੇ ਕਮਰੇ ਵਿੱਚ ਖੁਸ਼ੀ ਨਾਲ ਪਾਰਟੀ ਕਰ ਰਹੇ ਸਨ....ਰੱਜ ਰੱਜ ਕੇ ਖਾ ਰਹੇ ਸਨ, ਪਰ ਉਸ ਦੇ ਛੋਟੇ ਜਿਹੇ ਮਾਸੂਮ ਬੱਚੇ ਦੀਆਂ ਭੁੱਖ ਨਾਲ ਵਿਲਕਦੇ ਦੀਆਂ ਦਰਦ ਭਰੀਆਂ ਚੀਕਾਂ ਉਹਨਾਂ ਦੇ ਨਾਚ ਗਾਣਿਆਂ ਦੀ ਅਵਾਜ਼ ਵਿੱਚ ਦਬ ਗਈਆਂ ਸਨ। ਮਾਂ ਦੀ ਆਤਮਾ ਬੱਚੇ ਨਾਲੋਂ ਵੱਧ ਤੜਪ ਰਹੀ ਸੀ ਪਰ ਹੁਣ ਉਸ ਕੋਲ ਉਹ ਸਰੀਰ ਨਹੀਂ ਸੀ, ਜਿਸ ਨੂੰ ਉਸ ਨੇ ਖ਼ੁਦ ਖ਼ਤਮ ਕੀਤਾ ਸੀ।

ਮੈਂ ਆਤਮਾ ਥੋੜ੍ਹਾ ਹੋਰ ਅੱਗੇ ਨਿਕਲੀ ਤਾਂ ਦੇਖਿਆ ਕਿ ਇੱਕ ਨੌਜਵਾਨ ਆਪਣੇ ਮਾਪਿਆਂ ਨੂੰ ਧਰਤੀ ਤੇ ਰੋਂਦਾ ਵੇਖ ਕੇ ਉਹਨਾਂ ਨੂੰ ਚੁੱਪ ਕਰਾਉਣ ਦੇ ਯਤਨ ਕਰ ਰਿਹਾ ਸੀ,ਉਹ ਰੋਂਦਾ ਹੋਇਆ ਮਾਂ ਨੂੰ ਗਲਵੱਕੜੀ ਵਿੱਚ ਲੈਣਾ ਚਾਹ ਰਿਹਾ ਸੀ ਪਰ ਕਿੱਥੇ...? ਉਹ ਤਾਂ ਹਵਾ ਦੇ ਬੁੱਲੇ ਵਾਂਗ ਕੋਲ ਦੀ ਖਿਸਕ ਜਾਵੇ ,ਕਦੇ ਉਹ ਬੁੱਢੇ ਬਾਪ ਨੂੰ ਹੌਂਸਲਾ ਦੇਣਾ ਚਾਹੁੰਦਾ ਸੀ...ਓਹਦੇ ਅੱਥਰੂ ਪੂੰਝਣਾ ਚਾਹੁੰਦਾ ਸੀ ਪਰ ਸਭ ਵਿਅਰਥ ਸੀ। ਮੈਂ ਉਸ ਨੂੰ ਪੁੱਛਿਆ," ਤੂੰ ਤਾਂ ਮੈਨੂੰ ਆਪਣੇ ਮਾਪਿਆਂ ਦਾ ਬਹੁਤ ਲਾਡਲਾ, ਇਕਲੌਤਾ ਅਤੇ ਆਗਿਆਕਾਰੀ ਪੁੱਤਰ ਜਾਪਦਾ ਹੈਂ ਤੂੰ ਇੱਥੇ ਕਿਵੇਂ.....?"

ਉਹ ਵਿਰਲਾਪ ਕਰਦਾ ਹੋਇਆ ਦੱਸਣ ਲੱਗਿਆ," ਮੈਂ ਇੱਕ ਬਹੁਤ ਸੋਹਣੀ ਕੁੜੀ ਨੂੰ ਪਿਆਰ ਕਰਦਾ ਸੀ... ਮੈਂ ਉਸ ਨਾਲ਼ ਵਿਆਹ ਕਰਵਾਉਣਾ ਚਾਹੁੰਦਾ ਸੀ,ਪਰ ਇੱਕ ਦਿਨ ਪਤਾ ਲੱਗਿਆ ਕਿ ਉਸ ਦੇ ਮਾਪਿਆਂ ਨੇ ਕਿਸੇ ਹੋਰ ਮੁੰਡੇ ਨਾਲ਼ ਉਸ ਦਾ ਵਿਆਹ ਤਹਿ ਕਰ ਦਿੱਤਾ ਸੀ, ਮੇਰੇ ਤੋਂ ਉਸ ਦਾ ਵਿਛੋੜਾ ਸਹਿ ਨਾ ਹੋਇਆ ਤਾਂ ਮੈਂ ਆਤਮਹੱਤਿਆ ਕਰ ਲਈ......ਪਰ ਓਹ ਦੇਖੋ.....ਉਸ ਕੁੜੀ ਨੇ ਤਾਂ ਮੈਨੂੰ ਕਦੇ ਯਾਦ ਵੀ ਨਹੀ ਕੀਤਾ..... ਦੇਖੋ ਕਿੰਨੀ ਖੁਸ਼ ਹੈ ਉਹ ਆਪਣੇ ਪਤੀ ਨਾਲ਼..... !"

ਦੇਖ ਕੇ ਧਾਹਾਂ ਮਾਰ ਕੇ ਰੋਣ ਲੱਗਿਆ ਤੇ ਆਪਣੇ ਬਰਬਾਦ ਹੋਏ ਘਰ, ਮਾਪਿਆਂ ਅਤੇ ਆਪਣੀ ਸੋਹਣੀ ਸੁਨੱਖੀ ਸੂਰਤ ਅਤੇ ਦੇਹ ਬਾਰੇ ਸੋਚ ਸੋਚ ਕੇ ਤੜਫ਼ ਰਿਹਾ ਸੀ ਜੋ ਉਸ ਨੇ ਆਤਮਹੱਤਿਆ ਕਰ ਕੇ ਖਤਮ ਕਰ ਦਿੱਤੀ ਸੀ। ਇੱਕ ਹੋਰ ਅੱਧਖੜ੍ਹ ਉਮਰ ਦਾ ਵਿਅਕਤੀ ਮੁੜ ਤੋਂ ਆਪਣੇ ਜਿਸਮ ਵਿੱਚ ਜਾਣਾ ਲੋਚਦਾ ਸੀ ਤੇ ਤੜਫ਼ ਤੜਫ਼ ਕੇ ਪੁਕਾਰ ਰਿਹਾ ਸੀ," ਜਿਹਨਾਂ ਦੀ ਖਾਤਰ ਮੈਂ ਆਪਣੇ ਸੋਹਣੇ ਤੇ ਮਿਹਨਤੀ ਸਰੀਰ ਨੂੰ ਖ਼ਤਮ ਕੀਤਾ ਸੀ....ਉਹ ਅੱਜ ਮੇਰਾ ਨਾਂ ਲੈਣਾ ਵੀ ਪਸੰਦ ਨਹੀਂ ਕਰਦੇ...... ਕਿੰਨੇ ਐਸ਼ੋ ਇਸ਼ਰਤ ਨਾਲ਼ ਜੀਵਨ ਬਤੀਤ ਕਰ ਰਹੇ ਹਨ......ਓਏ ਕੋਈ ਇੱਕ ਵਾਰੀ ਤਾਂ ਮੇਰੀ ਕੁਰਬਾਨੀ ਯਾਦ ਕਰ ਲਵੋ..... !" ਅਸਲ ਵਿੱਚ ਇਸ ਆਦਮੀ ਨੇ ਅਤਿ ਦੀ ਗਰੀਬੀ ਅਤੇ ਸ਼ਰੀਕਾਂ ਨਾਲ ਜਾਇਦਾਦ ਦੇ ਝਗੜੇ ਕਾਰਨ ਆਤਮਹੱਤਿਆ ਕੀਤੀ ਸੀ,ਉਸ ਦੇ ਮਰਨ ਤੋਂ ਬਾਅਦ ਸਾਰੀ ਜਾਇਦਾਦ ਉਸ ਦੀ ਔਲਾਦ ਨੂੰ ਮਿਲ ਗਈ ਸੀ ਤੇ ਉਹ ਆਪਣੀ ਸੁਖਾਲ਼ੀ ਜ਼ਿੰਦਗੀ ਜਿਊਂ ਰਹੇ ਸਨ ਪਰ ਕਿਸੇ ਨੂੰ ਵੀ ਇਸ ਦੀ ਕੁਰਬਾਨੀ ਯਾਦ ਨਹੀਂ ਸੀ।

ਇਸੇ ਤਰ੍ਹਾਂ ਮੈਂ ਅਨੇਕਾਂ ਆਤਮਾਵਾਂ ਨੂੰ ਤੜਫਦਿਆਂ , ਰੋਂਦਿਆਂ ਕੁਰਲਾਉਂਦਿਆਂ, ਚੀਕਾਂ ਮਾਰਦਿਆਂ ਦੇ ਕੋਲੋਂ ਇੱਕ ਬਹੁਤ ਵੱਡੀ ਭੀੜ ਵਿੱਚੋਂ ਗੁਜ਼ਰਦੇ ਹੋਏ ਅਚਾਨਕ ਰੱਬ ਨਾਲ਼ ਟਕਰਾ ਗਈ। ਮੈਂ ਗ਼ਲਤੀ ਮੰਨ ਕੇ ਹੱਥ ਜੋੜ ਕੇ ਰੱਬ ਅੱਗੇ ਅਰਜ਼ੋਈ ਕਰਨ ਲੱਗੀ," ਮਾਹਰਾਜ! ਇਹ ਸਭ ਤੁਹਾਡੀ ਕਿਹੜੀ ਮਾਇਆ ਹੈ ਤੇ ਕਿਹੜਾ ਅਜ਼ਬ ਖੇਲ੍ਹ ਏ..... ਰੱਬ ਜੀ ਤੁਸੀਂ ਇਹਨਾਂ ਨਾਲ਼ ਚੰਗਾ ਨਹੀਂ ਕਰ ਰਹੇ। ਇਹਨਾਂ ਨੂੰ ਨਵੇਂ ਸਰੀਰ ਕਿਉਂ ਨਹੀਂ ਦੇ ਰਹੇ...? ਕਿੱਦਾਂ ਇਹ ਭੁੱਖੇ ਪਿਆਸੇ ਤੜ੍ਹਫ ਰਹੇ ਨੇ.... ਆਪਣਿਆਂ ਨੂੰ ਦੇਖ ਦੇਖ ਕੇ ਕਦ ਤੱਕ ਤੜਫਣਗੇ.... !"

"ਰੱਬ ਜੀ ਕੁਛ ਤਾਂ ਦੱਸੋ.... !" ਮੈਂ ਫਿਰ ਤਰਲੇ ਨਾਲ ਪੁੱਛਿਆ।

ਰੱਬ ਜੀ ਆਖਣ ਲੱਗੇ," ਬੱਚਾ ਇਹਨਾਂ ਨੂੰ ਆਪਣੇ ਆਪਣੇ ਹੱਕ ਦਾ ਪੰਜ ਤੱਤਾਂ ਦਾ ਬਸਤਰ ਮਿਲਿਆ ਹੋਇਆ ਸੀ, ਇਹਨਾਂ ਨੇ ਉਸ ਦੀ ਕਦਰ ਨਹੀਂ ਕੀਤੀ ਤੇ ਉਸ ਸਰੀਰ ਰੂਪੀ ਖੂਬਸੂਰਤ ਪਹਿਰਾਵੇ ਨੂੰ ਆਪਣੇ ਹੱਥੀਂ ਖ਼ਤਮ ਕਰ ਦਿੱਤਾ ਹੈ...ਹੁਣ ਤੁਸੀਂ ਦੱਸੋ...ਕੀ ਤੁਸੀਂ ਆਪਣਾ ਤਨ ਰੂਪੀ ਬਸਤਰ ਕਿਸੇ ਹੋਰ ਨੂੰ ਪਹਿਨਣ ਲਈ ਦੇਵੋਗੇ.....?"

ਮੈਂ ਇੱਕ ਦਮ ਘਬਰਾ ਕੇ" ..... ਨਹੀਂ......ਨਹੀਂ ...... ਬਿਲਕੁਲ ਨਹੀਂ " ਕਰਦੀ ਉੱਠੀ ਤੇ ਸਵੇਰ ਦੇ ਚਾਰ ਵਜੇ ਸਨ । ਮੈਨੂੰ ਆਪਣਾ ਸਰੀਰ ਰੂਪੀ ਬਸਤਰ ਬਹੁਤ ਖੂਬਸੂਰਤ ਲੱਗ ਰਿਹਾ ਸੀ । ਹੁਣ ਉਹ ਮੈਨੂੰ ਬੇਸ਼ੁਮਾਰ ਤੇ ਕੀਮਤੀ ਜਾਪ ਰਿਹਾ ਸੀ। ਸਭ ਤੋਂ ਪਹਿਲਾਂ ਆਪਣੇ ਸਰੀਰ ਰੂਪੀ ਬਸਤਰ ਦੀ ਸੰਭਾਲ ਕਰਦੇ ਹੋਏ ਸਾਰੀਆਂ ਮੁਸ਼ਕਲਾਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਕਿਸੇ ਵੀ ਦੁਨਿਆਵੀ ਮੁਸੀਬਤ ਤੋਂ ਮੂੰਹ ਮੋੜ ਕੇ ਆਤਮਹੱਤਿਆ ਵਰਗੀ ਘਿਣਾਉਣੀ ਹਰਕਤ ਨੂੰ ਅੰਜਾਮ ਦੇਣਾ ਕਾਇਰਤਾ ਹੈ।





RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



**Clear & Up-Front Pricing**

**High-Efficiency Components**

**Permits and Utility Approvals Included**

**Protect Existing NEM 2.0**
(Via Non-Export Configuration)

**CALL HARRY FOR A QUOTE | (925) 537-2732**

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਸੁਡੋਕੁ ਦਾ ਇਤਿਹਾਸ: ਨੰਬਰਾਂ ਦੀ ਉਹ ਖੇਡ ਜਿਸਨੇ ਪੂਰੀ ਦੁਨੀਆ ਨੂੰ ਦੀਵਾਨਾ ਬਣਾਇਆ!

ਅੰਤਰਰਾਸ਼ਟਰੀ ਸੁਡੋਕੁ ਡੇ ਹਰ ਸਾਲ 9 ਸਤੰਬਰ ਨੂੰ ਪੂਰੀ ਦੁਨੀਆ ਵਿੱਚ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਇਸ ਪ੍ਰਸਿੱਧ ਅੰਕਾਂ ਵਾਲੀ ਬੁਝਾਰਤ ਨੂੰ ਸਮਰਪਿਤ ਹੈ, ਜਿਸ ਨੇ ਦੁਨੀਆ ਭਰ ਦੇ ਕਰੋੜਾਂ ਲੋਕਾਂ ਦੇ ਦਿਲਾਂ ਵਿੱਚ ਆਪਣੀ ਇੱਕ ਖਾਸ ਜਗ੍ਹਾ ਬਣਾਈ ਹੈ। ਭਾਵੇਂ ਇਹ ਸਵੇਰ ਦੀ ਚਾਹ ਦੀ ਚੁਸਕੀ ਹੋਵੇ ਜਾਂ ਸਫ਼ਰ ਦਾ ਸਮਾਂ, ਸੁਡੋਕੁ ਬਹੁਤ ਸਾਰੇ ਲੋਕਾਂ ਦੇ ਰੋਜ਼ਾਨਾ ਜੀਵਨ ਦਾ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ। 9 ਸਤੰਬਰ (9/9) ਦੀ ਤਾਰੀਖ਼ ਨੂੰ ਇਸ ਦਿਨ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ ਹੈ, ਕਿਉਂਕਿ ਸੁਡੋਕੁ ਦੀ ਰਵਾਇਤੀ ਖੇਡ ਵਿੱਚ 9×9 ਦਾ ਗਰਿੱਡ (ਖਾਨੇ) ਹੁੰਦਾ ਹੈ। ਸੁਡੋਕੁ ਦਾ ਇਤਿਹਾਸ ਕਾਫ਼ੀ ਦਿਲਚਸਪ ਹੈ।

ਭਾਵੇਂ ਇਸ ਦਾ ਨਾਮ ਜਾਪਾਨੀ ਲੱਗਦਾ ਹੈ, ਪਰ ਇਸ ਦੀ ਸ਼ੁਰੂਆਤ 18ਵੀਂ ਸਦੀ ਦੇ ਅਖੀਰ ਵਿੱਚ ਸਵਿਟਜ਼ਰਲੈਂਡ ਵਿੱਚ 'ਲੈਟਿਨ ਸਕੁਏਅਰਜ਼' ਦੇ ਰੂਪ ਵਿੱਚ ਹੋਈ ਸੀ। ਬਾਅਦ ਵਿੱਚ, 1970 ਦੇ ਦਹਾਕੇ ਵਿੱਚ ਅਮਰੀਕਾ ਵਿੱਚ ਇਸਨੂੰ 'ਨੰਬਰ ਪਲੇਸ' ਦੇ ਨਾਮ ਨਾਲ ਪ੍ਰਕਾਸ਼ਿਤ ਕੀਤਾ ਗਿਆ। ਹਾਲਾਂਕਿ ਇਸ ਖੇਡ ਨੂੰ ਅਸਲ ਪ੍ਰਸਿੱਧੀ 1980 ਦੇ ਦਹਾਕੇ ਵਿੱਚ ਜਾਪਾਨ ਵਿੱਚ ਮਿਲੀ, ਜਿੱਥੇ ਇਸਦਾ ਨਾਮ 'ਸੁਡੋਕੁ' ਰੱਖਿਆ ਗਿਆ, ਜਿਸਦਾ ਮਤਲਬ ਹੈ "ਸਿੰਗਲ ਨੰਬਰ" ਜਾਂ "ਅੰਕ ਇਕੱਲੇ ਹੋਣੇ ਚਾਹੀਦੇ ਹਨ"। 2004 ਵਿੱਚ ਇਹ ਖੇਡ ਅਖ਼ਬਾਰਾਂ ਵਿੱਚ ਛਪਣੀ ਸ਼ੁਰੂ ਹੋਈ ਅਤੇ ਦੇਖਦੇ ਹੀ ਦੇਖਦੇ ਇਹ ਇੱਕ ਵਿਸ਼ਵਵਿਆਪੀ ਵਰਤਾਰਾ ਬਣ ਗਈ। ਵਰਲਡ ਪਜ਼ਲ ਫੈਡਰੇਸ਼ਨ ਨੇ ਸਾਲ 2012 ਵਿੱਚ ਅਧਿਕਾਰਤ ਤੌਰ 'ਤੇ 9 ਸਤੰਬਰ ਨੂੰ 'ਅੰਤਰਰਾਸ਼ਟਰੀ ਸੁਡੋਕੁ ਡੇ' ਵਜੋਂ ਐਲਾਨਿਆ ਸੀ।

ਸੁਡੋਕੁ ਸਿਰਫ਼ ਇੱਕ ਮਨੋਰੰਜਨ ਦਾ ਸਾਧਨ ਨਹੀਂ ਹੈ, ਬਲਕਿ ਇਹ ਮਾਨਸਿਕ ਸਿਹਤ ਲਈ ਇੱਕ ਵਰਦਾਨ ਹੈ। ਇਹ ਖੇਡ ਖੇਡਣ ਲਈ ਕਿਸੇ ਗਣਿਤ ਦੇ ਗਿਆਨ ਦੀ ਲੋੜ ਨਹੀਂ ਹੁੰਦੀ, ਬਲਕਿ ਸਿਰਫ਼ ਤਰਕ  ਦੀ ਲੋੜ ਹੁੰਦੀ ਹੈ। ਇਸ ਨੂੰ ਖੇਡਣ ਨਾਲ ਦਿਮਾਗ ਦੀ ਕਸਰਤ ਹੁੰਦੀ ਹੈ, ਜਿਸ ਨਾਲ ਇਕਾਗਰਤਾ ਅਤੇ ਯਾਦਦਾਸ਼ਤ ਵਿੱਚ ਸੁਧਾਰ ਹੁੰਦਾ ਹੈ। ਵਿਗਿਆਨਕ ਖੋਜਾਂ ਮੁਤਾਬਕ, ਰੋਜ਼ਾਨਾ ਅਜਿਹੀਆਂ ਦਿਮਾਗੀ ਬੁਝਾਰਤਾਂ ਨੂੰ ਹੱਲ ਕਰਨ ਨਾਲ ਅਲਜ਼ਾਈਮਰ ਅਤੇ ਡਿਮੈਂਸ਼ੀਆ ਵਰਗੀਆਂ ਦਿਮਾਗੀ ਬੀਮਾਰੀਆਂ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਹ ਤਣਾਅ ਨੂੰ ਘੱਟ ਕਰਨ ਅਤੇ ਮਨ ਨੂੰ ਸ਼ਾਂਤ ਕਰਨ ਵਿੱਚ ਵੀ ਮਦਦ ਕਰਦਾ ਹੈ।

ਇਸ ਦਿਨ ਨੂੰ ਮਨਾਉਣ ਦੇ ਕਈ ਤਰੀਕੇ ਹਨ। ਬਹੁਤ ਸਾਰੇ ਲੋਕ ਇਸ ਦਿਨ ਆਪਣੇ ਦੋਸਤਾਂ ਜਾਂ ਪਰਿਵਾਰ ਨਾਲ ਮਿਲ ਕੇ ਸੁਡੋਕੁ ਮੁਕਾਬਲੇ ਕਰਵਾਉਂਦੇ ਹਨ। ਅੱਜ-ਕੱਲ੍ਹ ਡਿਜੀਟਲ ਯੁੱਗ ਵਿੱਚ ਮੋਬਾਈਲ ਐਪਸ ਅਤੇ ਵੈੱਬਸਾਈਟਾਂ 'ਤੇ ਆਨਲਾਈਨ ਸੁਡੋਕੁ ਟੂਰਨਾਮੈਂਟ ਵੀ ਆਯੋਜਿਤ ਕੀਤੇ ਜਾਂਦੇ ਹਨ ਜਿੱਥੇ ਦੁਨੀਆ ਭਰ ਦੇ ਖਿਡਾਰੀ ਹਿੱਸਾ ਲੈਂਦੇ ਹਨ। ਸਕੂਲਾਂ ਵਿੱਚ ਵੀ ਬੱਚਿਆਂ ਦੀ ਤਾਰਕਿਕ ਸੋਚ ਨੂੰ ਵਧਾਉਣ ਲਈ ਸੁਡੋਕੁ ਦੇ ਵਿਸ਼ੇਸ਼ ਸੈਸ਼ਨ ਰੱਖੇ ਜਾਂਦੇ ਹਨ।

ਸਿੱਟੇ ਵਜੋਂ ਅੰਤਰਰਾਸ਼ਟਰੀ ਸੁਡੋਕੁ ਡੇ ਸਾਨੂੰ ਆਪਣੇ ਵਿਅਸਤ ਜੀਵਨ ਵਿੱਚੋਂ ਕੁਝ ਪਲ ਕੱਢ ਕੇ ਆਪਣੇ ਦਿਮਾਗ ਨੂੰ ਤਰੋਤਾਜ਼ਾ ਕਰਨ ਦਾ ਸੁਨੇਹਾ ਦਿੰਦਾ ਹੈ। ਇਹ ਖੇਡ ਸਾਨੂੰ ਸਿਖਾਉਂਦੀ ਹੈ ਕਿ ਹਰ ਸਮੱਸਿਆ ਦਾ ਇੱਕ ਤਰਕਪੂਰਨ ਹੱਲ ਹੁੰਦਾ ਹੈ, ਬੱਸ ਸਹੀ ਪਹੁੰਚ ਦੀ ਲੋੜ ਹੁੰਦੀ ਹੈ। ਜੇਕਰ ਤੁਸੀਂ ਅਜੇ ਤੱਕ ਇਹ ਖੇਡ ਨਹੀਂ ਖੇਡੀ ਤਾਂ ਇਸ ਸੁਡੋਕੁ ਦਿਵਸ 'ਤੇ ਇੱਕ ਪੈਨਸਿਲ ਚੁੱਕੋ ਅਤੇ ਇਸ ਸ਼ਾਨਦਾਰ ਸਫ਼ਰ ਦੀ ਸ਼ੁਰੂਆਤ ਕਰੋ।




# ਸਰਕਾਰ ਤੋਂ ਗੁਲਜ਼ਾਰ ਤੱਕ

ਲੋਕਤੰਤਰ ਵਿੱਚ ਬਹੁਮਤ ਹਾਸਲ
ਕੀਤੀ ਜਾਵਣ ਲੁੱਟਣ ਵਾਲੇ।
ਕੱਠੇ ਕੁਰਸੀ ਥੱਲੇ ਕਾਤਲ,
ਕੀਤੀ ਜਾਵਣ ਲੁੱਟਣ ਵਾਲੇ।
ਉੱਜੜ ਗਏ ਗੁਲਜ਼ਾਰ ਦੇਸ਼ ਦੇ,
ਏਥੇ ਲੋਕੋਂ ਖਾ ਖਾ ਜ਼ਹਿਰਾਂ,
ਇਸ ਦੇਸ਼ ਨੂੰ ਧੁਰੋਂ ਖੋਖਲਾ ਕੀਤੀ
ਜਾਵਣ ਲੁੱਟਣ ਵਾਲੇ।
ਮੋਹਨ ਮੁਰਾਰੀ ਦਰਯੋਧਨ ਤੋਂ ਖੰਬ
ਖਾਂਦਾ ਹੈ ਲੜਦਾ ਤਾਂ ਨਈਂ,
ਖੇਤ ਖਾਣ ਨੂੰ ਵਾੜ ਪਕੇਰੀ, ਕੀਤੀ
ਜਾਵਣ ਲੁੱਟਣ ਵਾਲੇ।
ਕਿਰਸਾਣੀ ਖੋਹ ਚਿੱਟੇ ਰੰਗ ਦੇ
ਵਿੱਚ ਬਸੰਤੀ ਭਰਨ ਨਈਂ ਦੇਂਦੇ,
ਉੰਞ ਚਿੱਟੇ ਦੇ, ਤਸਕਰ,
ਅਸਤਰ, ਕੀਤੀ ਜਾਵਣ ਲੁੱਟਣ
ਵਾਲੇ।
ਚੜ੍ਹਦੇ ਸੂਰਜ ਛਿਪਦੇ ਵੇਖੇ,
ਸੱਚੇ,ਦਰ ਤੇ ਘਿਸਦੇ ਵੇਖੇ,
ਮ.ਲਕੇ ਕਾਲਖ਼, 'ਚਿੱਟੀਆਂ,
ਅੱਟੀਆਂ, ਕੀਤੀ ਜਾਵਣ ਲੁੱਟਣ
ਵਾਲੇ।
ਵੇਖ .ਗੁਲਾਬ ਮਧੋਲਦੇ, 'ਕੰਡਿਆਂ
, ਕਿੱਦਾਂ ਨੇ ਗੁਲਜ਼ਾਰ ਉਜਾੜੇ,
ਇਸ ਤੰਤਰ ਵਿੱਚ ਕੈਂਸਰ ਹਾਵੀ
ਕੀਤੀ ਜਾਵਣ ਲੁੱਟਣ ਵਾਲੇ।
ਰਾਜ ਰਾਜ ਵਿੱਚ ਅਫ਼ਰਾ
ਤਫਰੀ,ਚੋਰ ਉਚੱਕੇ ਬਣੇ ਚੌਧਰੀ,
ਤੋੜ ਕੇ ਧੁਰ ਤੋਂ ਤੰਤਰ, ਪੱਟੀਆਂ,
ਕੀਤੀ ਜਾਵਣ ਲੁੱਟਣ ਵਾਲੇ।

**ਰਜਿੰਦਰ ਸਿੰਘ ਰਾਜ**
**ਕਲਾਨੌਰ**



Serving Californians since 1999

Global Green INSURANCE AGENCY
Lic #oF34231
Mann Insurance Brokers Inc.
dba Global Green Insurance Agency of the Bay Area
AUTO, HOME, BUSINESS, LIFE
510-487-1000
WWW.GGIABA.COM

COVERED CALIFORNIA
Certified INSURANCE AGENT
Free Confidential Help
Call : Gurcharan Singh Mann
CA License
Medicare
Licensed Insurance Agent
CA Lic # 0C70672
CALL TO ENROL
510-557-0061

Buying OR Selling Real Estate Let US HELP
MANN Real Estate Services
BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE
510-557-0061
Find your home on our website
www.mannres.com



Gurcharan Singh Mann
DRE#02321006

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702




SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260